# SCHEDULE

ਸਮਾਜਕ ਖੋਜ ਵਿਚ ਅਨੁਸੂਚੀ ਦੀ ਸਮੱਗਰੀ ਇਕੱਤਰ ਕਰਨ ਦੀ ਇਕ ਬਹੁਤ ਹੀ ਮਹੱਤਵਪੂਰਨ ਤਕਨੀਕ ਹੈ। ਅਨੁਸੂਚੀ ਵਿਗਿਆਨਿਕ ਖੋਜ ਪੜਤਾਲ ਕਰਨ ਲਈ ਬਹੁਤ ਹੀ ਉਪਯੋਗੀ ਹੈ ਅਤੇ ਇਸ ਰਾਹੀਂ ਕਾਫੀ ਹੱਦ ਤਕ ਭਰੋਸੇਯੋਗ ਸਮੱਗਰੀ ਇਕੱਤਰ ਕੀਤੀ ਜਾ ਸਕਦੀ ਹੈ। ਇਸ ਰਾਹੀਂ ਸਮੱਗਰੀ ਇਕੱਤਰ ਕਰਨਾ ਬਹੁਤ ਸਹਿਜ ਹੁੰਦਾ ਹੈ। ਇਸ ਕਰਕੇ ਇਸ ਤਕਨੀਕ ਨੂੰ ਬਹੁਤਾ ਕਰਕੇ ਸਰਕਾਰੀ ਏਜੰਸੀਆਂ ਜਾਂ ਵੱਡੇ-2 ਅਦਾਰਿਆਂ ਜਾਂ ਸੰਗਠਨਾਂ ਦੁਆਰਾ ਕੀਤੇ ਜਾਂਦੇ ਖੋਜ ਕਾਰਜਾਂ ਵਿਚ ਅਪਣਾਇਆ ਜਾਂਦਾ ਹੈ। ਸਮੁੱਚੇ ਸੰਸਾਰ ਵਿਚ ਜਨ-ਗਣਨਾ ਦਾ ਸੰਚਾਲਨ ਇਸੇ ਵਿਧੀ ਰਾਹੀਂ ਕੀਤਾ ਜਾਂਦਾ ਹੈ।

\# MEANING :- ਸਮੱਗਰੀ ਇਕੱਤਰ ਕਰਨ ਦੀ ਇਹ ਤਕਨੀਕ ਵੀ ਬਹੁਤ ਹੱਦ ਤਕ ਪ੍ਰਸ਼ਨਾਵਲੀ ਰਾਹੀਂ ਸਮੱਗਰੀ ਇਕੱਤਰ ਕਰਨ ਵਾਂਗ ਹੀ ਹੈ। ਦੋਵਾਂ ਵਿਚ ਮੂਲ ਫਰਕ ਇਸ ਤੱਥ ਵਿਚ ਮੌਜੂਦ ਹੈ ਕਿ ਪ੍ਰਸ਼ਨਾਵਲੀ ਉੱਤਰਦਾਤਾ ਖੁਦ ਭਰਦਾ ਹੈ, ਜਦੋਂ ਕਿ ਅਨੁਸੂਚੀ ਨੂੰ ਖੋਜਕਰਤਾ ਆਪ ਭਰਦਾ ਹੈ। ਅਨੁਸੂਚੀ ਦੀ ਇਕ proforma ਦੇ ਰੂਪ ਵਿਚ ਖੋਜ ਅਧਿਐਨ ਵਿਸ਼ੇ ਨਾਲ ਸੰਬੰਧਿਤ ਠੋਸ, ਪੂਰਵ-ਨਿਸ਼ਚਿਤ ਅਤੇ ਪੂਰਵ ਨਿਰਧਾਰਿਤ ਵਿਵਸਥਿਤ ਢੰਗ ਨਾਲ ਲਿਖੇ ਪ੍ਰਸ਼ਨਾਂ ਦੀ ਸੂਚੀ ਹੁੰਦੀ ਹੈ ਜਿਸਨੂੰ ਖੋਜ ਕਰਤਾ ਉੱਤਰਦਾਤਾਂ ਨਾਲ ਮੁਲਾਕਾਤ ਕਰਨ ਸਮੇਂ ਨਾਲ ਲੈ ਕੇ ਜਾਂਦਾ ਹੈ। ਅਨੁਸੂਚੀ ਵਿਚ ਜਿਸ ਕ੍ਰਮ ਅਨੁਸਾਰ ਪ੍ਰਸ਼ਨ ਲਿਖੇ ਹੁੰਦੇ ਹਨ, ਉਸੇ ਕ੍ਰਮ ਅਨੁਸਾਰ ਖੋਜ ਕਰਤਾ ਉੱਤਰਦਾਤਾ ਕੋਲੋਂ ਪ੍ਰਸ਼ਨ ਪੁੱਛਦਾ ਹੈ ਅਤੇ ਉਸ ਦੁਆਰਾ ਦਿੱਤੇ ਉੱਤਰਾਂ ਨੂੰ ਖਾਨਿਆਂ ਵਿਚ ਹਰੇਕ ਪ੍ਰਸ਼ਨ ਅੱਗੇ

ਛੋਟੀ ਖਾਲੀ ਥਾਂ ਉੱਤੇ ਆਪ ਹੀ ਕਲਮਬੰਦ ਕਰ ਲੈਂਦਾ ਹੈ। ਖੋਜ ਕਰਤਾ ਉੱਤਰਦਾਤਾਂ ਨੂੰ ਖੋਜ ਅਧਿਐਨ ਕਰਨ ਦਾ ਮੰਤਵ ਸਪੱਸ਼ਟ ਕਰਦਾ ਹੈ ਅਤੇ ਉੱਤਰਦਾਤਾ ਨੂੰ ਕੇਵਲ ਕਿਸੇ ਪ੍ਰਸ਼ਨ ਜਾਂ ਪ੍ਰਸ਼ਨਾਂ ਵਿਚ ਵਰਤੇ ਗਏ ਸ਼ਬਦਾਂ ਦੇ ਅਰਥ ਸਮਝਣ ਵਿਚ ਕੋਈ ਮੁਸ਼ਕਿਲ ਆਵੇ ਤਾਂ ਉਸਨੂੰ ਦੂਰ ਕਰਨ ਦਾ ਯਤਨ ਕਰਦਾ ਹੈ।

DEFINITIONS :-

Acc. to E.S. Bogardus, "ਅਨੁਸੂਚੀ ਤੱਥ ਇਕੱਤਰ ਕਰਨ ਦੀ ਇਕ ਰਸਮੀ ਵਿਧੀ ਹੈ, ਅਨੁਸੂਚੀ ਨੂੰ ਖੋਜ ਕਰਤਾ ਖੁਦ ਭਰਦਾ ਹੈ।"

Acc. to Goode & Hatt ; "ਅਨੁਸੂਚੀ ਉਨ੍ਹਾਂ ਪ੍ਰਸ਼ਨਾਂ ਦੇ ਸਮੂਹ ਦਾ ਨਾਮ ਹੈ ਜੋ ਇੰਟਰਵਿਊ ਦੁਆਰਾ ਆਮਣੇ-ਸਾਮਣੇ ਦੀ ਸਥਿਤੀ ਵਿਚ ਹੋਰਨਾਂ ਵਿਅਕਤੀਆਂ ਤੋਂ ਪੁੱਛੇ ਅਤੇ ਭਰੇ ਜਾਂਦੇ ਹਨ।"

Acc. to P.V. Young ; "ਅਨੁਸੂਚੀ ਇਕ ਸਾਰਣੀ ਫਾਰਮ ਹੈ, ਖੋਜ ਕਰਤਾ ਨੂੰ ਨਿਯੰਤ੍ਰਿਤ ਕਰਨ ਦਾ ਇਕ ਤਰੀਕਾ ਹੈ, ਯਾਦ ਰੱਖਣ ਕਰਾਉਣ ਵਾਲਾ ਇਕ ਸਾਧਨ ਹੈ, ਕਲਮਬੰਦ ਕਰਨ ਦੀ ਇਕ ਵਿਧੀ ਹੈ।"

Acc. to Mccormic ; "ਅਨੁਸੂਚੀ ਸਿਰਫ਼ ਪ੍ਰਸ਼ਨਾਂ ਦੀ ਸੂਚੀ ਤੋਂ ਅਧਿਕ ਕੁਝ ਨਹੀਂ ਹੈ ਜਿਨ੍ਹਾਂ ਦਾ ਉੱਤਰ ਦੇਣਾ ਉਪਕਲਪਨਾ ਦੀ ਜਾਂਚ ਕਰਨ ਲਈ ਆਵੱਸ਼ਕ ਪ੍ਰਤੀਤ ਹੁੰਦਾ ਹੈ।"

Scanned with CamScanner

1. Easy and clear Question
2. Limited Size
3. Sequence Question
5. clear definition of ...
6. Area of Question
7. ~~Direct contact~~

## MAIN CHARACTERISTICS :-

① ਅਨੁਸੂਚੀ ਵਿਸਤ੍ਰਿਤ, ਵਰਗੀਕ੍ਰਿਤ, ਆਯੋਜਿਤ ਅਤੇ ਕ੍ਰਮਬੱਧ ਪ੍ਰਸ਼ਨਾਂ ਅਤੇ ਖਾਲੀ tables ਦੀ ਸੂਚੀ ਹੁੰਦੀ ਹੈ।

② ਅਨੁਸੂਚੀ ਨੂੰ ਲੈ ਕੇ ਖੋਜਕਰਤਾ ਖੁਦ ਉਤਰਦਾਤਾ ਕੋਲ ਜਾਂਦਾ ਹੈ।

③ ਖੋਜਕਰਤਾ ਹਰੇਕ ਉਤਰਦਾਤਾ ਕੋਲੋਂ ਅਨੁਸੂਚੀ ਵਿਚ ਲਿਖੇ ਪ੍ਰਸ਼ਨਾਂ ਨੂੰ ਉਹਨਾਂ ਦੇ ਉਸੇ ਕ੍ਰਮ ਅਤੇ ਸ਼ਬਦਾਵਲੀ ਵਿਚ ਪੁੱਛਦਾ ਹੈ।

④ ਅਨੁਸੂਚੀ ਜੋ ਵਿਚ ਪ੍ਰਸ਼ਨ ਹੁੰਦੇ ਹਨ, ਨੂੰ ਖੋਜਕਰਤਾ ਖੁਦ ਭਰਦਾ ਹੈ।

⑤ ਅਨੁਸੂਚੀ ਤਰੀਕੇ ਵਿਚ ਪੂਰਕ ਪ੍ਰਸ਼ਨਾਂ ਰਾਹੀਂ ਉਤਪੰਨ ਹੋਏ ਸੰਦੇਹ ਦਾ ਸਮਾਧਾਨ ਕੀਤਾ ਜਾ ਸਕਦਾ ਹੈ।

⑥ ਅਨੁਸੂਚੀ ਤਰੀਕੇ ਵਿਚ ਖੋਜਕਰਤਾ ਤੇ ਉਤਰਦਾਤਾ ਵਿਚ ਪ੍ਰਤੱਖ ਰੂ-ਬ-ਰੂ ਸੰਪਰਕ ਹੁੰਦਾ ਹੈ।

## PURPOSES OF THE SCHEDULE :-

P.V. Young ਅਨੁਸਾਰ ਅਨੁਸੂਚੀ ਇਕ ਪ੍ਰਕਾਰ ਦਾ ਪ੍ਰਬੰਧ ਹੁੰਦੀ ਹੈ ਜੋ ਨਿਰੀਖਣ ਕੀਤੇ ਜਾ ਰਹੇ ਵਿਅਕਤੀਆਂ ਜਾਂ ਸਮੂਹ ਦੀਆਂ ਗਤੀਵਿਧੀਆਂ ਨੂੰ ਕ੍ਰਮਬੱਧ ਢੰਗ ਨਾਲ ਵਿਸਤਾਰ ਵਰਗੀਕਰਨ ਕਰਨ ਅਨੁਸਾਰ ਸਹਾਇਤਾ ਕਰਦੀ ਹੈ। ਅਨੁਸੂਚੀ ਵਿਚ ਸਮਾਂ ਵਿਸਤਾਰ ਵਿਚ ਕਈ ਅੰਕੜੇ ਪੂਰੇ ਕਰਦੀ ਹੈ, ਜੋ ਇਸ ਪ੍ਰਕਾਰ ਹਨ

(ii) To make objective and valid Study possible

ਇਹ ਵਸਤੂ ਪੂਰਕ ਵਿਗਿਆਨਕ ਕਰਨ ਦਾ ਇੱਕ ਉਪਕਰਨ ਹੈ ਜਿਹੜਾ ਇੱਕਸਾਰ ਮਾਤਰਾ ਵਿਚ ਸਮੱਗਰੀ ਨੂੰ ਮਾਨਕੀਕ੍ਰਿਤ ਢੰਗ ਨਾਲ ਇਕੱਠਾ ਕਰਨਾ ਸੰਭਵ ਬਣਾਉਂਦਾ ਹੈ। ਇਸ ਤਰ੍ਹਾਂ ਅਨੁਸੂਚੀ ਦਾ ਉਦੇਸ਼ ਵਿਵਸਥਿਤ ਢੰਗ ਨਾਲ ਸਮੱਗਰੀ ਇਕੱਠਾ ਕਰਕੇ ਅਧਿਐਨ ਨੂੰ valid ਜਾਂ objective ਬਣਾਉਂਦਾ ਹੈ। ਹਰੇਕ ਖੋਜ ਕਰਤਾ ਲਈ ਇਹ ਜਰੂਰੀ ਹੈ ਕਿ ਉਹ ਅਨੁਸੂਚੀ ਵਿਚ ਦਰਜ ਪ੍ਰਸ਼ਨਾਂ ਨੂੰ ਉਸੇ ਰੂਪ ਅਤੇ ਢਾਰ ਰਖਣਾ ਵਿਚ ਉੱਤਰਦਾਤਾ ਤੋਂ ਪੁੱਛੇ। ਇਸ ਦਾ ਮਤਲਬ ਇਹ ਹੈ ਕਿ ਖੋਜ ਕਰਤਾ ਪ੍ਰਸ਼ਨਾਂ ਦੇ ਰੂਪ ਅਤੇ ਢਾਰ ਰਖਣਾ ਨੂੰ ਬਦਲ ਕੇ ਉੱਤਰਦਾਤਾ ਕੋਲੋਂ ਵੱਖਰੇ ਪ੍ਰਸ਼ਨ ਪੁੱਛ ਕੇ ਇੱਕਸਾਰ ਉੱਤਰ ਪ੍ਰਾਪਤ ਨਹੀਂ ਕਰ ਸਕਦਾ। ਇਸ ਲਈ ਵੱਡੀ ਦੀ ਵਿਗਿਆਨਿਕ ਅਧਿਐਨ ਕਰਨ ਲਈ ਪੂਰਨ : ਪ੍ਰਮਾਣੀਕ੍ਰਿਤ ਜਾਂ ਨਿਯਮਬੱਧ ਅਨੁਸੂਚੀ ਦੀ ਲੋੜ ਹੁੰਦੀ ਹੈ।

(2) Its aim is to collect complete informatio

P. V. Young ਦਾ ਕਹਿਣਾ ਹੈ ਕਿ ਅਨੁਸੂਚੀ ਦਾ ਮੰਤਵ ਯਾਦ ਦਿਵਾਉਣ ਵਾਲੇ ਉਪਕਰਨ ਦੇ ਰੂਪ ਵਿਚ ਕਾਰਜ ਕਰਨਾ ਹੈ। ਖੋਜ ਕਰਤਾ ਦੇ ਸਾਹਮਣੇ ਦੋ ਵਿਕਲਪ ਮੌਜੂਦ ਹੁੰਦੇ ਹਨ :- 1. ਖੋਜ ਕਰਤਾ ਨੂੰ ਦੁਬਾਰਾ ਖੋਜ ਖੇਤਰ ਵਿਚ ਜਾ ਕੇ ਉੱਤਰਦਾਤਾ ਨਾਲ ਇੰਟਰਵਿਊ ਕਰਕੇ ਭੁੱਲੇ ਪੱਖਿਆਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨੀ ਪਵੇਗੀ ਜਾਂ ਆਪਣੀ ਯਾਦ-ਸ਼ਕਤੀ ਜਾਂ ਕਲਪਨਾ ਸ਼ਕਤੀ ਉੱਤੇ ਭਰੋਸਾ ਕਰਨਾ ਪਵੇਗਾ। ਇਹ ਦੋਵੇਂ ਵਿਕਲਪ ਹੀ ਖੋਜ ਅਧਿਐਨ ਨੂੰ ਵਸਤੂ ਪੂਰਕ ਅਤੇ ਪ੍ਰਮਾਣਿਕ ਬਣਾਉਣ ਵਿਚ ਰੋੜਾ ਅਟਕਾਉਣ ਵਾਲੇ ਹਨ। ਅਨੁਸੂਚੀ ਵਿਚ ਪ੍ਰਸ਼ਨਾਂ ਦੀ ਸੂਚੀ ਪਾਉਣਾ ਤੋਂ ਜੋ ਖੁੰਝੀ ਹੋਣ ਕਾਰਨ ਜਾਂ ਤਾਂ ਅਧੂਰੀ ਜਾਣਕਾਰੀ ਪ੍ਰਾਪਤ ਕਰਨ ਵਿਚ ਭੁੱਲ ਹੁੰਦੀ ਹੈ

ਅਤੇ ਨਾ ਹੀ ਜਾਣਕਾਰੀ ਪ੍ਰਾਪਤ ਕਰ ਸਕੇ ਪਿੱਛੇ ਭਟਕ ਜਾਏ ਦੀ ਲੋੜ ਅਸਲੀ ਹੈ ਵਿਵੇਕ ਖੋਜਕਰਤਾ ਜੋ ਜਾਣਕਾਰੀ ਪ੍ਰਾਪਤ ਕਰਦਾ ਹੈ ਅਨੁਸੂਚੀ ਵਿਚ ਨਾਲੋ ਨਾਲ ਲਿਖ ਲੈਂਦਾ ਹੈ। ਇਸ ਕਰਕੇ P.V. young ਨੇ ਅਨੁਸੂਚੀ ਨੂੰ "ਯਾਦ ਦਿਵਾਉਣ ਵਾਲਾ" ਆਖਿਆ ਕਿਹਾ ਹੈ।

(3) Systematic collection of Data :-

ਅਨੁਸੂਚੀ ਵਿਚ ਪ੍ਰਸ਼ਨ ਚੰਗੀ ਤਰ੍ਹਾਂ ਸੋਚ ਵਿਚਾਰ ਕੇ ਵਿਸ਼ੇਸ਼ ਤਰਤੀਬ ਦਾ ਵਿਵਸਥਿਤ ਢੰਗ ਨਾਲ ਲਿਖੇ ਹੁੰਦੇ ਹਨ, ਉਹਨਾਂ ਸਾਰਿਆਂ ਖਾਲੀ ਜਗ੍ਹਾਂ ਛੱਡੀ ਹੁੰਦੀ ਹੈ। ਖੋਜ ਕਰਤਾ ਕ੍ਰਮਵਾਰ ਹਰੇਕ ਪ੍ਰਸ਼ਨ ਨੂੰ ਪੁੱਛਦਾ ਅਤੇ ਉਸਦਾ ਪ੍ਰਾਪਤ ਕੀਤਾ ਉੱਤਰ ਉਸ ਖਾਲੀ ਸਥਾਨ 'ਤੇ ਲਿਖਦਾ ਜਾਂਦਾ ਹੈ। ਜਿਸ ਤਰ੍ਹਾਂ ਖੋਜ ਕਰਤਾ ਨੂੰ ਜੋ ਜਾਣਕਾਰੀ ਪ੍ਰਾਪਤ ਕਰਦਾ ਹੈ ਉਸ ਵਿਚ ਹੀ ਕ੍ਰਮਬੱਧਤਾ ਹੁੰਦੀ ਹੈ ਇਸ ਕਰਕੇ ਅਜਿਹੀ ਪ੍ਰਾਪਤ ਜਾਣਕਾਰੀ ਦਾ ਵਰਗੀਕਰਨ, ਸਾਰਣੀਕਰਨ ਅਤੇ ਵਿਸ਼ਲੇਸ਼ਣ ਕਰਨਾ ਵੀ ਸੁਖਾਲਾ ਹੋ ਜਾਂਦਾ। ਅਨੁਸੂਚੀ ਸੁਵਿਵਸਥਿਤ ਢੰਗ ਨਾਲ ਸਮੱਗਰੀ ਨੂੰ ਇਕੱਤਰ ਕਰਨਾ ਸੰਭਵ ਬਣਾਉਂਦੀ ਹੈ।

(4) Delimitation of scoped study :-

ਵਿਸ਼ਾ ਸੰਬੰਧ ਅਧਿਐਨ ਦੇ ਖੇਤਰ ਨੂੰ ਸੀਮਤ ਕਰਨਾ ਅਤੇ ਇਹਨਾਂ ਤੱਤਾਂ ਉੱਤੇ, ਜੋ ਵਿਸ਼ਲੇਸ਼ਣ ਕਰਨ ਲਈ ਜ਼ਰੂਰੀ ਹਨ, ਧਿਆਨ ਕੇਂਦਰਿਤ ਕਰਨ ਵਿਚ ਸਹਾਇਤਾ ਕਰਦਾ ਹੈ। ਅਨੁਸੂਚੀ ਵਿਚ ਪ੍ਰਸ਼ਨ ਸ਼ਾਮਿਲ ਕਰਨ ਵੇਲੇ ਖੋਜ ਕਰਤਾ ਇਸ ਗੱਲ ਦਾ ਪੂਰਾ ਧਿਆਨ ਰੱਖਦਾ ਹੈ ਕਿ ਇਸ ਵਿਚ ਕੋਈ ਵੀ ਫਾਲਤੂ ਪ੍ਰਸ਼ਨ ਨਾ ਸ਼ਾਮਿਲ ਕੀਤਾ ਜਾਏ

Scanned with CamScanner

ਜਿਸ ਨਾਲ ਬੇਕਾਰ ਤੇ ਅਸੰਬੰਧਿਤ ਸਮੱਗਰੀ ਇਕੱਤਰ ਤੋਂ ਜਾਣਾ ਸੰਭਵ ਹੈ ਅਨੁਸੂਚੀ ਖੋਜਕਰਤਾ ਨੂੰ ਗੈਰ-ਜ਼ਰੂਰੀ ਸਮੱਗਰੀ ਇਕੱਤਰ ਕਰਨ ਤੋਂ ਬਚਾਉਂਦੀ ਹੈ ਅਤੇ ਉਸਦੇ ਖੋਜ ਅਧਿਐਨ ਦਾ ਖੇਤਰ ਸੀਮਤ ਕਰਕੇ ਕੇਵਲ ਜ਼ਰੂਰੀ ਤੱਥ ਧਾਰ ਜਾਣਕਾਰੀ ਪ੍ਰਾਪਤ ਕਰਨ ਦੀ ਸੇਧ ਦਿੰਦੀ ਹੈ।

## Qualities / Characteristic of Good Schedule

✓ [illegible] questions and clear concepts.

### (i) Accurate communication :- ਸਹੀ ਸੰਚਾਰ

ਪ੍ਰਸ਼ਨਾਵਲੀ ਦਾ ਅਰਥ ਇਹ ਹੈ ਕਿ ਉਹ ਪ੍ਰਸ਼ਨ ਜਿਹੜੇ ਅਨੁਸੂਚੀ ਵਿਚ ਸ਼ਾਮਿਲ ਕੀਤੇ ਜਾਣ, ਉਹ ਇਸ ਤਰ੍ਹਾਂ ਸਰਲ ਅਤੇ ਸਪੱਸ਼ਟ ਸ਼ਬਦਾਂ ਵਿਚ ਲਿਖੇ ਹੋਣ ਕਿ ਉੱਤਰਦਾਤਾ ਉਹਨਾਂ ਦਾ ਉਹੀ ਅਰਥ ਸਮਝੇ ਜੋ ਖੋਜ ਕਰਤਾ ਸਮਝਾਉਂਦਾ ਹੈ। ਜੇਕਰ ਉੱਤਰਦਾਤਾ ਪ੍ਰਸ਼ਨਾਂ ਦੇ ਉਹੀ ਅਰਥ ਲਗਾਏ ਜੋ ਖੋਜ ਕਰਤਾ ਲਗਾਉਂਦਾ ਹੈ ਤਾਂ ਅਸੀਂ ਇਸ ਪ੍ਰਸ਼ਨ ਨੂੰ ਸਹੀ ਸੰਚਾਰ ਪ੍ਰਸ਼ਨਾਵਲੀ ਵਾਲਾ ਕਹਾਂਗੇ। ਸਹੀ ਸੰਚਾਰ ਪ੍ਰਸ਼ਨਾਵਲੀ ਵਾਲੇ ਪ੍ਰਸ਼ਨ ਹਰ ਕਿਸੇ ਕਿਸਮ ਦੇ ਹੋਣੇ ਚਾਹੀਦੇ ਹਨ।

### (2) sequences of questions
### Question should be interlinked :-

ਪ੍ਰਸ਼ਨ ਇਕ ਦੂਸਰੇ ਨਾਲ ਸੰਬੰਧਿਤ ਅਤੇ ਸੰਪੂਰਨ ਰੂਪ ਵਿਚ ਇਕ ਦੂਜੇ ਦੇ ਪੂਰਕ ਹੋਣੇ ਚਾਹੀਦੇ ਹਨ ਤਾਂ ਕਿ ਅਜਿਹੇ ਪ੍ਰਸ਼ਨਾਂ ਤੋਂ ਪ੍ਰਾਪਤ ਉੱਤਰ ਅਧਿਐਨ ਅਧੀਨ ਵਿਸ਼ੇ ਦੀ ਸੰਖੇਪ ਤਸਵੀਰ ਪੇਸ਼ ਕਰ ਸਕਣ। ਉਦਾਹਰਣ ਦੇ ਤੌਰ ਜੇਕਰ ਇਕ ਜਣਾ ਉੱਤਰਦਾਤਾ ਦੇ ਪਰਿਵਾਰ ਦੇ ਸੰਬੰਧ ਵਿਚ ਪ੍ਰਸ਼ਨ ਪੁੱਛਿਆ ਹੈ ਤਾਂ ਅਨੁਸੂਚੀ ਦੇ ਉਸ ਭਾਗ ਵਿਚ ਪਰਿਵਾਰ ਨਾਲ ਸੰਬੰਧਿਤ ਸਾਰੇ ਪ੍ਰਸ਼ਨਾਂ ਨੂੰ ਅਜਿਹੇ ਰੂਪ

ਇਹ ਵੇਖਦਾ ਜਾਂਦਾ ਹੈ ਕਿ ਉੱਤਰਾਂ ਦੇ ਉੱਤਰ ਸੰਮਿਲਤ ਰੂਪ ਵਿਚ ਉੱਤਰਦਾਤਾ ਦੇ ਪਰਿਵਾਰ ਦਾ ਪੂਰਨ ਚਿੱਤਰ ਪੇਸ਼ ਕਰ ਦੇਣ।

Nature of questions

## Simple and clear Questions:

multi-meanings

ਪ੍ਰਸ਼ਨਾਂ ਦੀ ਰਚਨਾ ਇਸ ਤਰ੍ਹਾਂ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਦੇ ਅਰਥ ਸਪੱਸ਼ਟ ਹੋਣ। ਪ੍ਰਸ਼ਨਾਂ ਦੀ ਵਾਕ-ਬਣਤਰ ਵਿਚ ਵਰਤੇ ਗਏ ਸ਼ਬਦ ਬਹੁ-ਅਰਥਕ ਨਹੀਂ ਹੋਣੇ ਚਾਹੀਦੇ। ਹਰ ਪ੍ਰਸ਼ਨ ਦਾ ਇਕੋ ਨਿਸ਼ਚਿਤ ਅਰਥ ਹੀ ਨਿਕਲਣਾ ਚਾਹੀਦਾ। ਇਸ ਲਈ ਸ਼ਬਦ-ਭੰਡਾਰ, ਪਰਿਭਾਸ਼ਿਕ ਸ਼ਬਦਾਵਲੀ ਭਰਪੂਰ ਅਤੇ ਭਾਵਾਤਮਕ ਸ਼ਬਦਾਂ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ। ਪ੍ਰਸ਼ਨ ਹੇਰ-ਫੇਰ ਕਰਕੇ ਵੀ ਨਹੀਂ ਪੁੱਛਣੇ ਚਾਹੀਦੇ। ਜੋ ਵੀ ਪ੍ਰਸ਼ਨ ਪੁੱਛਣਾ ਹੋਵੇ, ਆਸਾਨ ਸ਼ਬਦਾਂ ਤੇ ਸਪਸ਼ਟ ਸ਼ਬਦਾਂ ਵਿਚ ਪੁੱਛਣਾ ਚਾਹੀਦਾ ਹੈ।

ਸੰਖੇਪ ਸ਼ਬਦਾਂ ਵਿਚ, ਇਕ ਉੱਤਮ ਸੂਚੀ ਦੀ ਅਨੁਸੂਚੀ ਦੇ ਪ੍ਰਸ਼ਨਾਂ ਦੀ ਵਾਕ ਰਚਨਾ ਸਰਲ, ਸਪਸ਼ਟ, ਭਾਸ਼ਾ ਦਾ ਸੰਗਠਨ ਸਹੀ ਤੇ ਇਕ ਅਰਥੀ ਹੋਣੀ ਚਾਹੀਦੀ ਹੈ। ਦੋਹਰੇ ਵਿਆਕਰਣੀ ਪ੍ਰਸ਼ਨ ਇਸ ਦੇ ਇਕ ਹੀ ਅਰਥ ਦੇਣ ਅਤੇ ਸਰਲ। ਅਨੁਸੂਚੀ ਸਮੱਗਰੀ ਇਕੱਤਰਣ ਦਾ ਸਾਧਨ ਹੈ ਅਤੇ ਵਾਸਤਵਿਕ ਸਮੱਗਰੀ ਇਕੱਠੀ ਤਾਂ ਹੀ ਕੀਤੀ ਜਾ ਸਕਦੀ ਹੈ, ਜੇਕਰ ਇਸ ਵਿਚ ਸ਼ਾਮਲ ਪ੍ਰਸ਼ਨ ਠੀਕ ਸਹੀ ਪ੍ਰਤੀਕਿਰਿਆ ਵਾਲੇ ਹੋਣਗੇ।

## (2) Accurate response:

P.V. Young ਅਨੁਸਾਰ

ਇਕ ਉੱਤਮ ਸੂਚੀ ਦੀ ਅਨੁਸੂਚੀ ਦਾ ਇਹ ਵੀ ਗੁਣ ਹੈ ਕਿ ਅਨੁਸੂਚੀ ਇਸ ਪ੍ਰਕਾਰ ਦੀ ਹੋਵੇ ਕਿ ਉੱਤਰਦਾਤਾ ਉਹ ਹੀ ਜਾਣਕਾਰੀ ਦੇਵੇ ਜੋ ਖੋਜ ਕਰਤਾ ਲਈ ਉਪਯੋਗੀ ਸਿੱਧ ਹੋਵੇ। ਦੂਸਰੇ ਸ਼ਬਦਾਂ

Scanned with CamScanner

ਵਿਚ, ਸਹੀ ਉੱਤਰ ਤੋਂ ਮਤਲਬ ਇਹ ਹੋਇਆ ਕਿ ਉਤਸ਼ਾਹਤ ਭਾਸ਼ਾ ਦਿੱਤਾ ਜਾਵੇਗਾ ਉਸਦਾ ਜਿਸ ਤੋਂ ਵੇਖਣ ਉਹ ਹੀ ਸੁਰਖਿਆ ਜਾਂ ਜਾਣਕਾਰੀ ਪ੍ਰਾਪਤ ਹੋਵੇ, ਜੋ ਖੋਜ ਕਰਤਾ ਪੁੱਛਣਾ ਚਾਹੁੰਦਾ ਹੈ। ਵਿ.ਵ. ਪ੍ਰਮਾਣੂ ਅਨੁਸਾਰ, ਖੋਜ ਕਰਤਾ ਨੂੰ ਅਸਲੀ ਜਾਣਕਾਰੀ ਦੀ ਲੋੜ ਹੁੰਦੀ ਹੈ, ਜੋ ਵਾਸਤਵਿਕ, ਸੰਦੇਹ ਰਹਿਤ, ਅਤੇ ਸਮੱਸਿਆ ਦੀਆਂ ਵਾਸਤਵਿਕਤਾਵਾਂ ਨੂੰ ਉਜਾਗਰ ਕਰਦੀ ਹੋਵੇ। ਕੇਵਲ ਉਤਸ਼ਾਹਤ ਹਰੇਕ ਪ੍ਰਸ਼ਨ ਦਾ ਉੱਤਰ ਸੰਦੇਹ ਭਰਿਆ, ਬੜਾ ਅਸਪਸ਼ਟ, ਅਧੂਰਾ ਤੇ ਗਲਤ ਸੇਧ ਵਾਲਾ ਨਾਲ ਦਿੱਤਾ ਹੋਵੇ ਤਾਂ ਖੋਜ ਕਰਤਾ ਨੂੰ ਪ੍ਰਾਪਤ ਹੋਈ ਸਮੱਗਰੀ ਨੂੰ ਸਮਝਣ ਅਤੇ ਫਿਰ ਉਸਦਾ ਵਰਗੀਕਰਨ ਤੇ ਵਿਸ਼ਲੇਸ਼ਣ ਕਰਨਾ ਅਸੰਭਵ ਹੋ ਜਾਂਦਾ ਹੈ ਅਤੇ ਖੋਜ ਕਰਨ ਦਾ ਮਤਲਬ ਹੀ ਨਹੀਂ ਰਹਿ ਜਾਂਦਾ। ਇਸ ਲਈ ਉੱਤਮ ਅਨੁਸੂਚੀ ਵਿਚ ਅਜਿਹੇ ਪ੍ਰਸ਼ਨ ਸ਼ਾਮਲ ਹੋਣੇ ਚਾਹੀਦੇ ਹਨ ਅਤੇ ਅਜਿਹੇ ਢੰਗ ਨਾਲ ਪੁੱਛੇ ਜਾਣੇ ਚਾਹੀਦੇ ਹਨ ਕਿ ਜੋ ਜਾਣਕਾਰੀ ਖੋਜ ਕਰਤਾ ਪ੍ਰਾਪਤ ਕਰਨਾ ਚਾਹੁੰਦਾ ਹੈ, ਉਸਨੂੰ ਸਪੱਸ਼ਟ, ਸਹੀ ਤੇ ਪੂਰਨ ਰੂਪ ਵਿਚ ਮਿਲ ਸਕੇ।

ਸਹੀ ਜਵਾਬ ਪਹੁੰਚਾਉਣ ਦਾ ਅਰਥ ਵਿਅਕਤ ਕਰਨਾ ਅਤੇ ਸਹੀ ਉੱਤਰ, ਇਕ ਉੱਤਮ ਅਨੁਸੂਚੀ ਦੇ ਸਾਧਾਰਨ ਗੁਣ ਹਨ। ਕੁਝ ਪ੍ਰਸ਼ਨ ਇਹ ਉੱਠਦੇ ਕਿ ਅਨੁਸੂਚੀ ਵਿਚ ਇਹ ਗੁਣ ਕਿਸ ਤਰ੍ਹਾਂ ਲਿਆਂਦੇ ਜਾਣ। ਇਹ ਗੁਣ ਅਨੁਸੂਚੀ ਵਿਚ ਹੇਠ ਲਿਖੇ ਸੁਝਾਵਾਂ ਅਨੁਸਾਰ ਲਿਆਂਦੇ ਜਾ ਸਕਦੇ ਹਨ।

1 ਅਨੁਸੂਚੀ ਦਾ ਆਕਾਰ ਅਤੇ ਦਿੱਖ ਆਕਰਸ਼ਕ ਹੋਵੇ।

2. ਸਭ ਪ੍ਰਸ਼ਨਾਂ ਦੀ ਵਾਕ ਰਚਨਾ ਬੜੀ ਸਰਲ ਤੇ ਸਪੱਸ਼ਟ ਹੋਵੇ। ਪ੍ਰਸ਼ਨ ਸਮਝਣ ਨੂੰ ਬੜੇ ਆਸਾਨ ਤੇ ਸੰਦੇਹ ਰਹਿਤ ਹੋਣ ਅਤੇ ਉਹਨਾਂ ਦਾ ਕੇਵਲ ਇਕ ਹੀ ਅਰਥ ਨਿਕਲਦਾ ਹੋਵੇ ਅਸਪਸ਼ਟ ਬਹੁ-ਅਰਥੀ ਨਾ ਹੋਵੇ।

3. ਪ੍ਰਸ਼ਨ ਅਜਿਹੇ ਹੋਣੇ ਚਾਹੀਦੇ ਹਨ ਕਿ ਉਤਸ਼ਾਹਤ ਉਹਨਾਂ ਦੇ ਉੱਤਰ ਦੇਣ ਸਮੇਂ ਕਿਸੇ ਕਿਸਮ ਦੀ ਸ਼ਰਮ ਜਾਂ ਝਿਜਕ ਮਹਿਸੂਸ ਨਾ ਕਰੇ।

੪. ਪ੍ਰਸ਼ਨ ਅਧਿਐਨ ਅਧੀਨ ਵਿਸ਼ੇ ਦੇ ਉਦੇਸ਼ਾਂ ਅਤੇ ਸਰੂਪ ਨਾਲ ਸੰਬੰਧਿਤ ਹੋਣ ਤਾਂ ਕਿ ਉੱਤਰਾਂ ਦੇ ਉੱਤਰ ਵਿਚ ਜੋ ਜਾਣਕਾਰੀ ਉਪਲਬਧ ਹੋਵੇ ਉਸਦੇ ਆਧਾਰ ਉੱਤੇ ਪਰਿਕਲਪਨਾ ਜਾਂ ਪਰਿਕਲਪਨਾਵਾਂ ਦੀ ਜਾਂਚ ਹੋ ਸਕੇ ਅਤੇ ਇਨ੍ਹਾਂ ਦੇ ਆਧਾਰ ਉੱਤੇ ਅੰਤਿਮ ਸਾਧਾਰਨੀਕਰਨ ਨਿਰਧਾਰਿਤ ਕੀਤੇ ਜਾ ਸਕਣ।

੫ ਪ੍ਰਸ਼ਨ ਇਸ ਪ੍ਰਕਾਰ ਦੇ ਹੋਣ ਕਿ ਜਿਨ੍ਹਾਂ ਦੇ ਉੱਤਰਾਂ ਤੋਂ ਪ੍ਰਾਪਤ ਜਾਣਕਾਰੀ ਕੇਵਲ ਵਾਸਤਵਿਕ, ਸੱਚੀ ਸਹੀ ਅਤੇ ਪ੍ਰਮਾਣਿਕ ਹੀ ਨਾ ਹੋਵੇ ਬਲਕਿ ਉਸਨੂੰ ਸਾਰਣੀਬੱਧ ਕੀਤਾ ਜਾ ਸਕੇ ਅਤੇ ਜੇਕਰ ਜ਼ਰੂਰੀ ਹੋਵੇ ਤਾਂ ਸੰਖਿਆਤਮਕ ਵਿਸ਼ਲੇਸ਼ਣ ਵੀ ਕੀਤਾ ਜਾ ਸਕੇ।

## TYPES OF SCHEDULE

1 Observation schedule :- ਇਹਨਾਂ ਅਨੁਸੂਚੀਆਂ ਦੀ ਵਰਤੋਂ ਨਿਰੀਖਣ ਕਰਤਾ ਲਈ ਕੀਤੀ ਜਾਂਦੀ ਹੈ, ਇਸ ਲਈ ਨਿਰੀਖਣ ਅਨੁਸੂਚੀਆਂ ਨੂੰ observation guide ਵੀ ਕਿਹਾ ਜਾਂਦਾ ਹੈ। ਇਸ ਅਨੁਸੂਚੀ ਵਿਚ ਅਧਿਐਨ ਅਧੀਨ ਸਮੱਸਿਆ ਨਾਲ ਸੰਬੰਧਿਤ ਪ੍ਰਸ਼ਨ ਨਹੀਂ ਹੁੰਦੇ ਬਲਕਿ ਸਮੱਸਿਆ ਦੇ ਵਿਭਿੰਨ ਪੱਖਾਂ ਜਾਂ ਭਾਗਾਂ ਨੂੰ ਸਿਲਸਿਲੇਵਾਰ ਜਾਂ ਵਿਵਸਥਿਤ ਢੰਗ ਨਾਲ ਲਿਖ ਲਿਆ ਜਾਂਦਾ ਹੈ ਜਿਨ੍ਹਾਂ ਦਾ ਨਿਰੀਖਣ ਖੋਜਕਰਤਾ ਨੇ ਕਰਨਾ ਹੁੰਦਾ। ਇਸ ਨਿਰੀਖਣ ਅਨੁਸੂਚੀ ਵਿਚ ਖੋਜ ਅਧਿਐਨ ਖੇਤਰ ਵਿਚ ਉੱਤਰਦਾਤਿਆਂ ਕੋਲੋਂ ਪ੍ਰਸ਼ਨ ਪੁੱਛ ਕੇ ਜਾਣਕਾਰੀ ਨੂੰ ਇਕੱਤਰ ਨਹੀਂ ਕੀਤਾ ਜਾਂਦਾ, ਬਲਕਿ ਸਥਿਤੀ ਦਾ ਵਾਸਤਵਿਕ ਨਿਰੀਖਣ ਕਰਕੇ ਖੋਜ ਵਿਸ਼ੇ ਨਾਲ ਸੰਬੰਧਿਤ ਤੱਥਾਂ ਨੂੰ ਇਕੱਠਾ ਕੀਤਾ ਜਾਂਦਾ ਹੈ। ਇਸ ਲਈ ਖੋਜਕਰਤਾ ਇਸ ਪ੍ਰਕਾਰ ਦੀ ਅਨੁਸੂਚੀ ਨੂੰ ਨਿਰੀਖਣ ਦੇ ਧਿਆਨ ਆਪਣੇ ਕੋਲ

ਰੱਖਦਾ ਹੈ ਅਤੇ ਖੋਜ ਵਿਸ਼ੇ ਨਾਲ ਸੰਬੰਧਿਤ ਸਾਹਿਤਕਾਰੀ ਚੋ ਖੁਦ ਨਿਰੀਖਣ ਕਰਕੇ ਅਨੁਸੂਚੀ ਵਿਚ ਭਰ ਲੈਂਦਾ ਹੈ ~~ਅਤੇ ਖੋਜ ਵਿਸ਼ੇ ਨਾਲ ਸੰਬੰਧਿਤ ਸਾਹਿਤਕਾਰੀ ਦਾ ਖੁਦ ਨਿਰੀਖਣ ਕਰਕੇ ਅਨੁਸੂਚੀ ਵਿਚ ਭਰ ਲੈਂਦਾ ਹੈ~~। ਇਸ ਪ੍ਰਕਾਰ ਦੀ ਅਨੁਸੂਚੀ ਖੋਜ ਕਰਤਾ ਲਈ ਵਾਰ ਜਰੂਰੀ ਸੰਕੇਤ ਦਾ ਕੰਮ ਕਰਦੀ ਹੈ। ਇਹ ਅਨੁਸੂਚੀਆਂ ਨਿਰੀਖਣ ਨੂੰ ਵਧੇਰੇ ਸੁਨਿਸ਼ਚਿਤ ਬਣਾ ਦਿੰਦੀਆਂ ਹਨ, ਸਪੱਸ਼ਟ ਰੂਪ ਵਿਚ ਇਹ ਦੱਸਦੇ ਕਿ ਕੀ ਨਿਰੀਖਣ ਕਰਨਾ ਹੈ, ਕਿਵੇਂ ਨਿਰੀਖਣ ਕਰਨਾ ਹੈ ਤੇ ਕਿਵੇਂ ਇਸ ਨੂੰ ਰਿਕਾਰਡ ਕਰਨਾ ਹੈ। ਇਸ ਪ੍ਰਕਾਰ ਦੀਆਂ ਅਨੁਸੂਚੀਆਂ ਦੀ ਵਰਤੋਂ ਕਰਨ ਨਾਲ ਨਿਰੀਖਣ ਦੁਆਰਾ ਇਕੱਤਰਿਤ ਜਾਣਕਾਰੀ ਇਕ ਵਿਵਸਥਿਤ ਢੰਗ ਨਾਲ ਪ੍ਰਾਪਤ ਹੁੰਦੀ ਹੈ ਅਤੇ ਇਹ ਪੂਰਨ ਵੀ ਹੁੰਦੀ ਹੈ, ਕਿਉਂਕਿ ਅਜਿਹਾ ਕੋਈ ਤੱਥ ਨਹੀਂ ਬਚਦਾ ਜਿਸਦਾ ਨਿਰੀਖਣ ਨਾ ਹੋਇਆ ਹੋਵੇ।

2. Rating Schedule ਇਸ ਕਿਸਮ ਦੀਆਂ ਅਨੁਸੂਚੀਆਂ ਦੀ ਵਰਤੋਂ ਸਮਾਜ ਵਿਗਿਆਨਕ ਅਤੇ ਮਨੋਵਿਗਿਆਨਕ ਖੋਜ ਲਈ ਅਤੇ ~~ਕਿਸੇ~~ ਸੰਬੰਧੀ ਮਸਲਾ-ਮਾਪਦੰਡ ਲਈ ਕੀਤੀ ਜਾਂਦੀ ਹੈ। ਇਹਨਾਂ ਅਨੁਸੂਚੀਆਂ ਦੀ ਵਰਤੋਂ ਉਹਨਾਂ ਸਥਿਤੀਆਂ ਵਿਚ ਕੀਤੀ ਜਾਂਦੀ ਹੈ, ਜਿਨ੍ਹਾਂ ਵਿਚ ਲੋਕਾਂ ਦੇ ਰਵੱਈਆਂ, ਰਾਵਾਂ (opinions), ਪਸੰਦਾਂ ਜਾਂ ਨਾ ਪਸੰਦਾਂ ਆਦਿ ਦਾ ਗੁਣਾਤਮਕ ਮਾਪ ਕਰਨਾ ਹੁੰਦਾ ਹੈ। ਉਦਾਹਰਨ ਵਜੋਂ ਇਕ ਡਾਕਟਰ ਦੇ ਪ੍ਰਤੀ ਉਸਦੇ ਮਰੀਜ਼ ਦਾ ਰਵੱਈਆ ਕੇਵਲ ਚੰਗਾ ਜਾਂ ਬੁਰਾ ਨਹੀਂ ਹੋ ਸਕਦਾ ਕਿਉਂਕਿ ਕੁਝ ਮਰੀਜ਼ ਉਸਨੂੰ ਬਹੁਤ ਚੰਗਾ, ਕੁਝ ਮਰੀਜ਼ ਬਹੁਤ ਖਰਾਬ ਤੇ ਕੁਝ ਮਰੀਜ਼ ਔਸਤ ਦਰਜੇ ਦਾ ਵੀ ਮੰਨ ਸਕਦੇ ਹਨ। ਇਸ ਪਸੰਦਗੀ ਜਾਂ ਨਾ ਪਸੰਦਗੀ ਨੂੰ ਤੀਬਰਤਾ ਦੇ ਆਧਾਰ ਉੱਤੇ ਇਕ ਕ੍ਰਮ ਵਿਚ ਰੱਖਣਾ ਕਿੱਤਾ ਜਾਂਦਾ ਹੈ ਜਿਵੇਂ ਬਹੁਤ ਚੰਗਾ/

ਚੰਗਾ / ਸਾਧਾਰਨ / ਬੁਰਾ / ਬਹੁਤ ਬੁਰਾ, ਇਸ ਵਿਚ
ਸਥਿਤੀਆਂ ਨੂੰ ਉੱਤਰਦਾਤਾਵਾਂ ਦੇ ਸਾਹਮਣੇ ਪੇਸ਼ ਕੀਤਾ ਜਾਂਦਾ
ਅਤੇ ਉਹ ਜਿਸ ਸਬੰਧਾਂ ਆਪਣੀ ਦੇ ਪੱਖ ਵਿਚ ਹੁੰਦੇ
ਹੁੰਦੇ ਹਨ, ਉਸਦੇ ਅੱਗੇ (✓) ਜਾਂ (x) ਦਾ ਚਿੰਨ੍ਹ
ਲਗਾ ਦਿੰਦੇ ਹਨ। ਸਭ ਉੱਤਰਦਾਤਾਵਾਂ ਦੀਆਂ ਇਸ
ਪ੍ਰਕਾਰ ਰਾਵਾਂ ਜਾਂ ਮੱਤਾਂ (opinions) ਨੂੰ ਜੋੜਕੇ ਇਸ
ਵਿਚ ਸਿਧਾਂਤ ਲਗਾ ਕੇ ਵੇਖਿਆ ਜਾਂਦਾ ਹੈ ਕਿ ਬਹੁਤੇ
ਮਰੀਜ਼ ਉਸ ਡਾਕਟਰ ਨੂੰ ਕਿਸ ~~ਸੀਮਾ~~ ਸੀਮਾ ਤਕ ਪਸੰਦ
ਜਾਂ ਨਾ-ਪਸੰਦ ਕਰਦੇ ਹਨ। ਸਮਾਜ ਵਿਗਿਆਨ ਤੇ ਮਨੋ-
ਵਿਗਿਆਨ ਵਿਚ ਇਸ ਪ੍ਰਕਾਰ ਦੀਆਂ ਅਨੁਸੂਚੀਆਂ
ਦਾ ਪ੍ਰਯੋਗ ਰਾਵਾਂ-ਮਾਪਕ ਪੈਮਾਨੇ ਦੇ ਰੂਪ ਵਿਚ ਕੀਤਾ
ਜਾਂਦਾ ਹੈ।

3 **Document Schedule :-** ਇਸ ਅਨੁਸੂਚੀ ਦੀ
ਵਰਤੋਂ ਲਿਖਤ ਦਸਤਾਵੇਜ਼ਾਂ ਜਿਵੇਂ ਆਤਮ-ਕਥਾਵਾਂ,
ਡਾਇਰੀਆਂ, ਸਰਕਾਰੀ ਅਤੇ ਗੈਰ ਸਰਕਾਰੀ ਰਿਕਾਰਡ
ਅਤੇ ਅਜਿਹੇ ਹੀ ਹੋਰ ਲਿਖਤੀ ਸੋਮਿਆਂ ਤੋਂ ਸਮੱਗਰੀ
ਜਾਂ ਜਾਣਕਾਰੀ ਪ੍ਰਾਪਤ ਕਰਨ ਲਈ ਕੀਤੀ ਜਾਂਦੀ ਹੈ।
ਇਸ ਪ੍ਰਕਾਰ ਦੀਆਂ ਅਨੁਸੂਚੀਆਂ ਸਮੱਗਰੀ ਦੀਆਂ
ਇਕਾਈਆਂ ਬਾਰੇ ਪ੍ਰਾਰੰਭਿਕ ਜਾਣਕਾਰੀ ਪ੍ਰਾਪਤ ਕਰਨ
ਲਈ ਆਂਕੜਿਕ ਸੂਚਨਾ ਇਕੱਠਾ ਕਰਨ ਲਈ ਬਹੁਤ ਉਪਯੋਗੀ
ਸਿੱਧ ਹੋਈਆਂ ਹਨ। ਇਸ ਪ੍ਰਕਾਰ ਦੀਆਂ ਅਨੁਸੂਚੀਆਂ
ਵਿਚ ਜਿਹੜੇ ਪ੍ਰਸ਼ਨ ਸ਼ਾਮਿਲ ਕੀਤੇ ਜਾਂਦੇ ਹਨ, ਉਹਨਾਂ ਦੇ
ਉੱਤਰ ਆਤਮ-ਕਥਾਵਾਂ, ਡਾਇਰੀਆਂ, ਦਫ਼ਤਰੀ ਰਿਕਾਰਡ
ਜਾਂ ਹੋਰ ਕਿਸਮ ਦੇ ਇਤਿਹਾਸਕ ਤੌਰ ਤੇ ਸਬੰਧਿਤ
ਦਸਤਾਵੇਜ਼ਾਂ ਨਾਲ ਸੰਬੰਧਿਤ ਸਮੱਗਰੀ ਵਿਚੋਂ ਲੱਭ ਕੇ
ਲਿਖੇ ਜਾਂਦੇ ਹਨ। ਇਸ ਪ੍ਰਕਾਰ ਦੀ ਅਨੁਸੂਚੀ ਬਹੁਤ ਉਪਯੋਗੀ

Scanned with CamScanner

ਦੇ ਸਹੀ ਰੂਪ ਤੇ ਰੂਪ ਮਾਤਰਾ ਵਿਚ ਦਸਤਾਵੇਜ਼ਾਂ ਦਾ ਉਪਲਬਧ ਹੋਣਾ ਜਰੂਰੀ ਹੈ। P.V. Young ਅਨੁਸਾਰ, ਘਟਨਾ ਤੇ ਅਨੁਮਾਨ ਲੋਗ ਤੱਥਾਂ ਨੂੰ ਦਰਸਾਉਣ ਕਰਨ ਲਈ ਇਸ ਪ੍ਰਕਾਰ ਦੇ ਦਸਤਾਵੇਜ਼ਾਂ ਦਾ ਬਹੁਤ ਜ਼ਿਆਦਾ ਮਾਤਰਾ ਵਿਚ ਅਧਿਐਨ ਕਰਨਾ ਜਰੂਰੀ ਹੈ ਜੋ ਨਾਲ ਜਾ ਜ਼ਿਆਦਾਤਰ ਦਸਤਾਵੇਜ਼ਾਂ ਵਿਚ ਹੀ ਪ੍ਰਗਟ ਹੁੰਦੇ ਹਨ।

4. Institution Survey Schedule :- P.V. Young ਅਨੁਸਾਰ, "ਇਹਨਾਂ ਅਨੁਸੂਚੀਆਂ ਦੀ ਰਚਨਾ ਕਿਸੇ ਸੰਸਥਾ ਦੇ ਸਾਧਨਾਂ ਅਤੇ ਵਿਧੀਆਂ ਜਾਂ ਉਸ ਵਿਚ ਮੌਜੂਦ ਸਮੱਸਿਆਵਾਂ ਦੀ ਜਾਣਕਾਰੀ ਪ੍ਰਾਪਤ ਕਰਨ ਵਿਚ ਸਹਾਇਤਾ ਕਰਨ ਲਈ ਕੀਤੀ ਜਾਂਦੀ ਹੈ।"

ਉਪਰੋਕਤ ਪਰਿਭਾਸ਼ਾ ਤੋਂ ਸਪੱਸ਼ਟ ਹੈ ਕਿ ਇਸ ਪ੍ਰਕਾਰ ਦੀ ਅਨੁਸੂਚੀ ਰਾਹੀਂ ਕਿਸੇ ਸੰਸਥਾ ਵਿਚ ਸੰਬੰਧਿਤ ਸਮੱਸਿਆ ਦਾ ਮੁਲਾਂਕਣ ਕੀਤਾ ਜਾਂਦਾ ਹੈ। ਇਸ ਪ੍ਰਕਾਰ ਦੀ ਅਨੁਸੂਚੀ ਦਾ ਇਸਤੇਮਾਲ ਕਿਸੇ ਸੰਸਥਾ ਦੀਆਂ ਤਕਨੀਕਾਂ ਜਾਂ ਪ੍ਰਬੰਧਕੀ ਸਮੱਸਿਆਵਾਂ ਦਾ ਅਧਿਐਨ ਕਰਨ ਲਈ ਕੀਤਾ ਜਾਂਦਾ ਹੈ। ਇਹ ਅਨੁਸੂਚੀ ਬਹੁਤ ਲੰਬੀ ਹੁੰਦੀ ਹੈ ਕਿਉਂਕਿ ਇਸ ਵਿਚ ਸੰਸਥਾ ਨਾਲ ਸੰਬੰਧਿਤ ਹਰੇਕ ਸਮੱਸਿਆ ਦੇ ਹਰੇਕ ਪੱਖ ਬਾਰੇ ਜਰੂਰੀ ਪ੍ਰਸ਼ਨਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

5. Interview Schedule :- ਇਹਨਾਂ ਅਨੁਸੂਚੀਆਂ ਦੀ ਵਰਤੋਂ ਇੰਟਰਵਿਊ ਲੈਣ ਕਰਨ ਦੇ ਸਮੇਂ ਤੇ ਕੀਤੀ ਜਾਂਦੀ ਹੈ। ਇਸ ਅਨੁਸੂਚੀ ਦਾ ਸੰਬੰਧ ਪ੍ਰਸ਼ਨਾਂ ਦੀ ਉਸ ਸੂਚੀ ਤੋਂ ਹੈ ਜਿਸ ਦੇ ਉੱਤਰ ਪ੍ਰਾਪਤ ਕਰਤਾ ਉੱਤਰਦਾਤਾ ਤੋਂ ਪੁੱਛ

ਕੇ ਖੁਦ ਲਿਖਦਾ ਹੈ। ਇਨ੍ਹਾਂ ਅਨੁਸੂਚੀਆਂ ਵਿਚ ਪ੍ਰਸ਼ਨਾਵਲ
ਪ੍ਰਸ਼ਨ ਸ਼ਾਮਿਲ ਹੁੰਦੇ ਹਨ ਜਿਨ੍ਹਾਂ ਤੇ ਖੋਜ ਕਰਤਾ ਉੱਤਰਦਾਤਾ
ਕੋਲੋਂ ਪੁੱਛਦਾ ਹੈ ਅਤੇ ਖਾਲੀ ਖਾਨਿਆਂ ਨੂੰ ਉੱਤਰਦਾ
ਤਿਆਂ ਕੋਲੋਂ ਜਾਣਕਾਰੀ ਪ੍ਰਾਪਤ ਕਰਕੇ ਭਰਦਾ ਹੈ।
ਇਸ ਤਰ੍ਹਾਂ ਇੰਟਰਵਿਊ ਜੋ ਵਿਵਸਥਿਤ ਤੇ ਕ੍ਰਮਬੱਧ ਕੀਤਾ
ਜਾਂਦਾ ਹੈ ਇਸ ਤੋਂ ਅਨੁਸੂਚੀ ਪ੍ਰਾਪਤ ਜਾਣਕਾਰੀ ਦਾ ਸੂਚੀਕਰਨ
ਦਾ ਵਰਗੀਕਰਨ ਤੇ ਸਾਰਣੀਕਰਨ ਬਹੁਤ ਸੌਖਾ ਹੁੰਦਾ ਹੈ

Construction of a Schedule :- ਇਕ ਉੱਤਮ ਅਨੁਸੂਚੀ ਦਾ ਨਿਰਮਾਣ ਕਰਨ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ।

1. Complete knowledge about the nature of problem :- ਖੋਜ ਕਰਤਾ ਨੂੰ ਖੋਜ ਸਮੱਸਿਆ ਬਾਰੇ ਪੂਰਨ ਗਿਆਨ ਹੋਣਾ ਚਾਹੀਦਾ ਹੈ ਕਿ ਸਮੱਸਿਆ ਸੰਬੰਧੀ ਪ੍ਰਸ਼ਨਾਵਲ ਤੇ ਨਿਸ਼ਚਿਤ ਜਾਂ ਸਹੀ ਸਾਧਾਰਨੀਕਰਨ ਪ੍ਰਾਪਤ ਕਰਨ ਲਈ ਕਿਹੋ ਜਿਹੀ ਜਾਣਕਾਰੀ ਦੀ ਜ਼ਰੂਰਤ ਹੈ। ਇਹ ਜਾਣਕਾਰੀ ਇਸ ਲਈ ਜ਼ਰੂਰੀ ਹੁੰਦੀ ਹੈ ਕਿਉਂਕਿ ਖੋਜ ਕਰਤਾ ਨੇ ਅਨੁਸੂਚੀ ਨਿਰਮਾਣ ਕਰਨ ਤੋਂ ਪਹਿਲਾ ਇਹ ਨਿਸ਼ਚਿਤ ਕਰਨਾ ਹੁੰਦਾ ਹੈ ਕਿ ਅਨੁਸੂਚੀ ਵਿਚ ਕਿਹੜੀਆਂ ਮੱਦਾਂ ਨੂੰ ਖੋਜ ਸਮੱਸਿਆ ਦੇ ਸੰਦਰਭ ਤੇ ਸ਼ਾਮਿਲ ਕਰਨਾ ਜ਼ਰੂਰੀ ਹੈ, ਖੋਜ ਵਿਸ਼ੇ ਦੇ ਕਿਹੜੇ ਪੱਖ ਬਹੁਤ ਮਹੱਤਵਪੂਰਨ ਅਤੇ ਘੱਟ ਮਹੱਤਵਪੂਰਨ ਹਨ, ਕਿਹੜੇ ਪੱਖਾਂ ਬਾਰੇ ਜ਼ਿਆਦਾ ਪ੍ਰਸ਼ਨ ਪੁੱਛਣ ਦੀ ਲੋੜ ਹੈ ਅਤੇ ਕਿਹੜੇ ਪੱਖਾਂ ਬਾਰੇ ਘੱਟ ਪ੍ਰਸ਼ਨ ਨਾਲ ਹੀ ਲੋੜੀਂਦੀ ਜਾਣਕਾਰੀ ਇਕੱਠੀ ਕੀਤੀ ਜਾ ਸਕਦੀ ਹੈ। ਸੰਖੇਪ ਵਿਚ ਖੋਜ ਕਰਤਾ ਨੂੰ ਖੋਜ ਸਮੱਸਿਆ ਦੇ ਸਰੂਪ ਬਾਰੇ ਪੂਰਨ ਜਾਣਕਾਰੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ

Scanned with CamScanner

ਤਾਂ ਕਿ ਉਹ ਅਨੁਸੂਚੀ ਵਿਚ ਢੁੱਕਵੇਂ ਪ੍ਰਸ਼ਨ ਘਟਾ ਕੇ ਸ਼ਾਮਿਲ ਕਰ ਸਕੇ ਅਤੇ ਸਮੱਸਿਆ ਦਾ ਕੋਈ ਵੀ ਮਹੱਤਵਪੂਰਨ ਪੱਖ ਰਹਿ ਨਾ ਜਾਵੇ।

2. Knowledge of the Centre most Objective of the Study :- ਅਨੁਸੂਚੀ ਬਣਾਉਣ ਤੋਂ ਪਹਿਲਾ ਖੋਜ ਕਰਤਾ ਨੂੰ ਇਸ ਮੁੱਦੇ ਤੇ ਵੀ ਚੰਗੀ ਤਰ੍ਹਾਂ ਸੋਚ ਵਿਚਾਰ ਕਰਨੀ ਜ਼ਰੂਰੀ ਹੈ ਕਿ ਉਸਦੇ ਅਧਿਐਨ ਦਾ ਵਾਸਤਵ ਵਿਚ ਮੁੱਖ-ਕੇਂਦਰੀ ਉਦੇਸ਼ ਕੀ ਹੈ? ਹਰੇਕ ਸਮਾਜਿਕ ਸਮੱਸਿਆ ਦਾ ਸਰੂਪ ਬਹੁਤ ਜਟਿਲ ਹੁੰਦਾ ਅਤੇ ਇਸ ਦੇ ਕਈ ਪੱਖ ਹੁੰਦੇ ਹਨ ਜੋ ਅੰਤਰ ਸੰਬੰਧਿਤ ਅਤੇ ਅੰਤਰ ਨਿਰਭਰ ਹੁੰਦੇ ਹਨ ਇਸ ਤੋਂ ਛੁੱਟ ਇਹਨੇ ਵਿਸ਼ਾਲ ਖੇਤਰ ਪੱਖ ਰੂਪ ਵਿਚ ਉਲਝੇ ਹੁੰਦੇ ਹਨ ਕਿ ਜੇਕਰ ਖੋਜ ਕਰਤਾ ਨੇ ਮੁੱਖ ਕੇਂਦਰੀ ਉਦੇਸ਼ ਤੇ ਵਿਸ਼ੇਸ਼ ਧਿਆਨ ਨਾ ਕੇਂਦਰਿਤ ਕਰਕੇ ਰੱਖਿਆ ਤਾਂ ਸੰਭਵ ਹੈ ਕਿ ਖੋਜ ਕਰਤਾ ਭਟਕ ਜਾਵੇ ਤੇ ਉਹ ਸੰਬੰਧਿਤ ਅਤੇ ਅਸੰਬੰਧਿਤ ਪੱਖਾਂ ਵਿਚ ਭੇਦ ਨਾ ਕਰ ਸਕੇ ਅਤੇ ਮਹੱਤਵਪੂਰਨ ਪੱਖਾਂ ਨੂੰ ਵਧੇਰੇ ਮਾਨਤਾ ਦੇਵੇ। ਅਜਿਹਾ ਕਰਨ ਨਾਲ ਖੋਜ ਕਰਤਾ ਅਨੁਸੂਚੀ ਵਿਚ ਸਹੀ ਪ੍ਰਸ਼ਨ ਨਹੀਂ ਦਰਜ ਕਰ ਸਕੇਗਾ ਕਿਉਂਕਿ ਅਨੁਸੂਚੀ ਵਿਚ ਮਹੱਤਵਪੂਰਨ ਮਹੱਤਵਹੀਣ ਪੱਖਾਂ ਉੱਤੇ ਵਧੇਰੇ ਪ੍ਰਸ਼ਨ ਸ਼ਾਮਿਲ ਕਰ ਲਏ ਜਾਣਗੇ। ਇਸ ਲਈ ਪ੍ਰਸ਼ਨਾਂ ਦਾ ਵਧੇਰੇ ਪ੍ਰਸ਼ਨ ਸ਼ਾਮਿਲ ਕਰ ਲਏ ਜਾਣਗੇ। ਇਸ ਲਈ ਪ੍ਰਸ਼ਨਾਂ ਦਾ ਨਿਰਮਾਣ ਕਰਦੇ ਸਮੇਂ ਖੋਜ ਕਰਤਾ ਨੂੰ ਵਿਸ਼ੇਸ਼ ਸਮੱਸਿਆ ਦੇ ਸਰੂਪ ਦਾ ਪੂਰਨ ਗਿਆਨ ਹੋਣਾ ਜ਼ਰੂਰੀ ਹੈ ਉਸਦੇ ਉਸ ਦੇ ਨਾਲ -2 ਉਸਨੂੰ ਖੋਜ ਦੇ ਪਰ-ਕੇਂਦਰੀ ਉਦੇਸ਼ ਤੇ ਆਪਣਾ ਧਿਆਨ ਕੇਂਦਰਿਤ ਰੱਖਣਾ ਵੀ ਜ਼ਰੂਰੀ ਹੈ।

Pretesting the Schedule :- ਜਦੋਂ ਅਨੁਸੂਚੀ ਪੂਰਨ ਤੌਰ ਤੇ ਤਿਆਰ ਕਰ ਲਈ ਜਾਵੇ ਤਾਂ ਇਹ ਵੇਖਣ ਲਈ ਕਿ ਉੱਤਰਦਾਤਾ ਪ੍ਰਸ਼ਨਾਂ ਨੂੰ ਉਨ੍ਹਾਂ ਦੇ ਯਥਾਰਥ ਅਰਥ ਵਿਚ ਅਤੇ ਵਿਚ ਹੀ ਅਰਥ ਵਿਚ ਸਮਝ ਕੇ ਸਹੀ ਉੱਤਰ ਦੇਣ ਦੇ

DATE / /

ਸਮਝਦਾਰ ਹਨ ਜਾਂ ਨਹੀਂ ਤਾਂ ਅਧਿਐਨ ਅਧੀਨ ਜਨ-ਸੰਖਿਆ ਦਾ ਸੈਂਪਲ ਲੈ ਕੇ ਇਸ ਦੀ ਪੂਰਵ ਜਾਂਚ ਕਰ ਲਈ ਜਾਂਦੀ ਜੇ ਕੋਈ ਕਮੀ ਦਿਖਾਈ ਦੇਵੇ ਤਾਂ ਲੋੜ ਅਨੁਸਾਰ ਪ੍ਰਸ਼ਨਾਂ ਵਿਚ ਸੋਧ ਕਰ ਲਈ ਜਾਂਦੀ ਹੈ।

3. Nature of questions:- ਖੋਜ ਕਰਤਾ ਨੂੰ ਪ੍ਰਸ਼ਨਾਂ ਦਾ ਨਿਰਮਾਣ ਸਮੇਂ ਧਿਆਨ ਦੇ ਰੱਖਣਾ ਚਾਹੀਦਾ ਹੈ ਕਿ ਵਿਸ਼ਿਸ਼ਟ ਪ੍ਰਸ਼ਨਾਂ ਦੇ ਸਰੂਪ ਉੱਤੇ ਨਿਰਭਰ ਕਰੇਗਾ ਕਿ ਉੱਤਰਦਾਤਾ ਉਨ੍ਹਾਂ ਪ੍ਰਸ਼ਨਾਂ ਨੂੰ ਸਹੀ ਅਰਥਾਂ ਵਿਚ ਸਮਝ ਕੇ ਸਹੀ ਉੱਤਰ ਦੇ ਸਕੇਗਾ ਜਾਂ ਨਹੀਂ? ਇਸ ਤੋਂ ਛੁੱਟ, ਅਨੁਸੂਚੀ ਵਿਚ ਪ੍ਰਸ਼ਨ ਸ਼ਾਮਲ ਕਰਨ ਤੋਂ ਪਹਿਲਾਂ ਇਸ ਗੱਲ ਦੀ ਜਾਂਚ ਕਰਨੀ ਵੀ ਜ਼ਰੂਰੀ ਹੁੰਦੀ ਹੈ ਕਿ ਕੀ ਇਹ ਪ੍ਰਸ਼ਨ ਦੇ ਪ੍ਰਬੰਧ ਨਾਲ ਅਧਿਐਨ ਦੇ ਉਦੇਸ਼ ਦੇ ਅਨੁਰੂਪ ਸਪੱਸ਼ਟ ਸਾਰਣੀਬੱਧ ਅਤੇ ਸੰਖਿਅਕ ਵਿਸ਼ਲੇਸ਼ਣ ਦੇ ਯੋਗ ਉੱਤਰ ਪ੍ਰਾਪਤ ਹੋ ਸਕਦੇ ਹਨ ਜਾਂ ਨਹੀਂ। ਅਜਿਹਾ ਕਰਨ ਲਈ ਖੋਜ ਕਰਨ ਲਈ ਜ਼ਰੂਰੀ ਹੈ ਕਿ ਉਹ ਪ੍ਰਸ਼ਨਾਂ ਦੀ ਪ੍ਰਕਿਰਤੀ ਉੱਤੇ ਅਧਿਕਾਰ ਪ੍ਰਮਾਣ ਦੇਵੇ [illegible] ਪ੍ਰਸ਼ਨ ਹੋਣ, ਸਰਲ ਤੇ ਉੱਤਰ ਦੇਣ ਵਿਚ ਆਸਾਨ ਹੋਣ।

-4- pretesting the Schedule

# Advantages of Schedule

(1) ਵਾਸਤਵਿਕ ਤੱਥਾਂ ਦੀ ਪ੍ਰਾਪਤੀ :

ਅਨੁਸੂਚੀ ਤਕਨੀਕ ਦੀ ਵਰਤੋਂ ਕਰਨ ਨਾਲ ਖੋਜ ਵਿੱਚ ਖਾਸ ਵਾਸਤਵਿਕ ਤੱਥ ਇਕੱਤਰ ਕੀਤੇ ਜਾ ਸਕਦੇ ਹਨ ਕਿਉਂਕਿ ਅਨੁਸੂਚੀ ਪੂਰੀ ਤਰ੍ਹਾਂ ਪ੍ਰਤੱਖ ਨਿਰੀਖਣ ਉੱਤੇ ਆਧਾਰਿਤ ਹੁੰਦੀ ਹੈ। ਇਸ ਲਈ ਖੋਜ ਕਰਤਾ ਸੂਚਨਾਵਾਂ ਨੂੰ ਇਕੱਤਰ ਕਰਨ ਦੇ ਨਾਲ ਤੱਥਾਂ ਦਾ ਵਾਸਤਵਿਕ ਨਿਰੀਖਣ ਵੀ ਕਰਦਾ ਰਹਿੰਦਾ ਹੈ। ਅਨੁਸੂਚੀ ਦਾ ਪ੍ਰਯੋਗ ਕਰਨ ਵਾਲਾ ਖੋਜ ਕਰਤਾ ਲਗਾਤਾਰ ਆਪਣੇ ਵਿਸ਼ੇ ਨਾਲ ਵਿਅਕਤੀਗਤ ਸੰਪਰਕ ਵਿੱਚ ਰਹਿ ਕੇ ਵਸਤੂ ਸਾਖਸ਼ੀ ਦਾ ਤੇਜ਼ੀ ਨਾਲ ਮੁਲਾਂਕਣ ਕਰਕੇ ਵਾਸਤਵਿਕ ਤੱਥਾਂ ਦੀ ਥਾਂ ਅਵਾਸਤਵਿਕ ਤੱਥਾਂ ਦਾ ਤਿਆਗ ਕਰ ਸਕਦਾ ਹੈ।

(2) ਵਿਸ਼ਾ ਵਸਤੂ ਦੇ ਪਿਛੋਕੜ ਦਾ ਅਧਿਐਨ :

ਅਨੁਸੂਚੀ ਵਿਧੀ ਦਾ ਪ੍ਰਯੋਗ ਕਰਨ ਸਮੇਂ ਖੋਜ ਕਰਤਾ ਨੂੰ ਖੁਦ ਇੰਟਰਵਿਊ ਕਰਕੇ ਜਾਣਕਾਰੀ ਇਕੱਤਰ ਕਰਨੀ ਪੈਂਦੀ ਹੈ। ਅਜਿਹਾ ਕਰਦੇ ਸਮੇਂ ਉਹ ਇਕੱਤਰ ਕੀਤੇ ਜਾ ਰਹੇ ਤੱਥਾਂ ਦੇ ਸਮਾਜਿਕ, ਆਰਥਿਕ, ਮਨੋਵਿਗਿਆਨਕ ਅਤੇ ਰਾਜਨੀਤਕ ਪਿਛੋਕੜ ਦਾ ਵੀ ਗਿਆਨ ਪ੍ਰਾਪਤ ਕਰ ਸਕਦਾ ਹੈ। ਕਿਉਂ ਕਿ ਸਮਾਜਿਕ ਤੱਥਾਂ ਨੂੰ ਪੂਰੀ ਤਰ੍ਹਾਂ ਸਮਝਣ ਦੇ ਲਈ ਉਹਨਾਂ ਪ੍ਰਸਥਿਤੀਆਂ ਨੂੰ ਵੀ ਸਮਝਣਾ ਜਰੂਰੀ ਹੈ ਜਿਨ੍ਹਾਂ ਵਿੱਚ ਉਹ ਤੱਥ ਉਤਪੰਨ ਅਤੇ ਵਿਕਸਿਤ ਹੁੰਦੇ ਹਨ।

(3) ਪ੍ਰਸ਼ਨਾਂ ਦੇ ਸਪੱਸ਼ਟ ਤੇ ਵਾਸਤਵਿਕ ਉੱਤਰ :

ਇਸ ਵਿਧੀ ਦੀ ਵਰਤੋਂ ਨਾਲ ਖੋਜ ਕਰਤਾ ਪ੍ਰਸ਼ਨਾਂ ਦੇ ਸਪੱਸ਼ਟ ਤੇ ਵਾਸਤਵਿਕ ਉੱਤਰ ਪ੍ਰਾਪਤ ਕਰ ਸਕਦਾ ਹੈ। ਇੰਟਰਵਿਊ ਕਰਦੇ ਸਮੇਂ ਉਹ ਇਕੱਤਰ ਕੀਤੇ ਜਾ ਰਹੇ ਤੱਥਾਂ ਦੇ ਸਮਾਜਿਕ, ਆਰਥਿਕ, ਮਨੋਵਿਗਿਆਨਕ ਅਤੇ ਰਾਜਨੀਤੀ ਪਿਛੋਕੜ ਦਾ ਵੀ ਗਿਆਨ ਪ੍ਰਾਪਤ ਕਰ ਸਕਦਾ ਹੈ। ਕਿਉਂ ਕਿ ਸਮਾਜਿਕ

Scanned with CamScanner

ਉੱਚ ਨੂੰ ਪੂਰੀ ਤਰ੍ਹਾਂ, ਸਮਝਣ ਦੇ ਲਈ ਉਨ੍ਹਾਂ ਪ੍ਰਸਥਿਤੀਆਂ ਨੂੰ ਵੀ ਸਮਝਣਾ ਜ਼ਰੂਰੀ ਹੈ ਜਿਨ੍ਹਾਂ ਵਿਚ ਉਹ ਉੱਚ ਉਤਪੰਨ ਤੇ ਵਿਕਸਿਤ ਹੁੰਦੇ ਹਨ।

3. ਪ੍ਰਸ਼ਨਾਂ ਦੇ ਸਪੱਸ਼ਟ ਤੇ ਵਾਸਤਵਿਕ ਉੱਤਰ :-

ਇਸ ਵਿਧੀ ਦੇ ਦੁਆਰਾ ਸਹੀ ਖੋਜ ਕਰਤਾ ਪ੍ਰਸ਼ਨਾਂ ਦੇ ਸਪੱਸ਼ਟ ਤੇ ਵਾਸਤਵਿਕ ਉੱਤਰ ਪ੍ਰਾਪਤ ਕਰ ਸਕਦਾ ਹੈ। ਇੰਟਰਵਿਊ ਕਰਦੇ ਸਮੇਂ ਉੱਤਰਦਾਤਾ ਨੂੰ ਜੇ ਕਿਸੇ ਪ੍ਰਸ਼ਨ ਦੇ ਅਰਥ ਸਮਝ ਨਾ ਆਉਣ ਜਾਂ ਕਿਸੇ ਪ੍ਰਸ਼ਨ ਦੇ ਅਰਥਾਂ ਨੂੰ ਉਹ ਗਲਤ ਸਮਝ ਲਵੇ ਤਾਂ ਖੋਜ ਕਰਤਾ ਉਹਨਾਂ ਨੂੰ ਪ੍ਰਸ਼ਨ ਸਪੱਸ਼ਟ ਕਰ ਸਕਦਾ ਹੈ ਜਾਂ ਉੱਤਰਦਾਤਾ ਖੁਦ ਖੋਜ ਕਰਤਾ ਕੋਲੋਂ ਪੁੱਛ ਕੇ ਪ੍ਰਸ਼ਨ ਦੇ ਸਹੀ ਅਰਥ ਸਮਝ ਸਕਦਾ ਹੈ। ਜਦੋਂ ਉੱਤਰਦਾਤਾ ਨੂੰ ਵਾਸਤਵਿਕ ਪ੍ਰਸ਼ਨਾਂ ਦੇ ਅਰਥ ਸਪੱਸ਼ਟ ਹੁੰਦੇ ਹਨ ਤਾਂ ਉਹ ਸਹੀ, ਵਾਸਤਵਿਕ ਅਤੇ ਸਪੱਸ਼ਟ ਉੱਤਰ ਦੇਣ ਦੇ ਯੋਗ ਹੁੰਦਾ।

4. ਸ਼ੱਕ ਦੂਰ ਕਰਨਾ :-

ਅਨੁਸੂਚੀ ਤਕਨੀਕ ਵਿਚ ਖੋਜ ਕਰਤਾ ਕਿਉਂਕਿ ਇੱਥੇ ਉਹ ਖੁਦ ਮੌਜੂਦ ਹੁੰਦਾ ਹੈ ਇਸ ਲਈ ਜਾਣਕਾਰੀ ਸੰਬੰਧੀ ਕਿਸੇ ਵੀ ਸੰਦੇਹ ਜਾਂ ਭਰਮ ਉਤਪੰਨ ਹੋਣ ਤਾਂ ਉਹ ਉਸੇ ਵੇਲੇ ਉੱਤਰਦਾਤਾ ਨਾਲ ਗੱਲਬਾਤ ਕਰਕੇ ਦੂਰ ਕਰ ਸਕਦਾ ਹੈ। ਇਸ ਤੋਂ ਛੁੱਟ ਕਈ-ਕਈ ਉੱਤਰਦਾਤਾ ਤੋਂ ਇਸ ਲਈ ਦੀ ਸਹੀ ਜਾਣਕਾਰੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ ਹੈ ਕਿਉਂਕਿ ਉੱਤਰਦਾਤਾ ਦੇ ਮਨ ਵਿਚ ਸੰਦੇਹ ਜਾਂ ਭਰਮ ਉਤਪੰਨ ਹੋ ਗਿਆ ਹੁੰਦਾ ਹੈ। ਖੋਜ ਕਰਤਾ ਉਸ ਸਮੇਂ ਮੌਜੂਦ ਹੋਣ ਕਾਰਨ ਉੱਤਰਦਾਤਾਵਾਂ ਨੂੰ ਵਾਸਤਵਿਕ ਸਥਿਤੀ ਸਮਝਾ ਕੇ ਸ਼ੱਕ ਅਤੇ ਸੰਦੇਹ ਆਦਿ ਦੂਰ ਕਰ ਸਕਦਾ ਹੈ। ਨਾਲ ਹੀ ਵਿਅਕਤੀਗਤ ਰੂਪ ਵਿਚ ਉਤਸ਼ਾਹਿਤ ਕਰਦੇ

Scanned with CamScanner

ਕਾਰਨ, ਉਤਰਦਾਤਾ ਦੇ ਮਨ ਵਿਚ ਵਿਸ਼ਵਾਸ ਉਤਪੰਨ ਹੁੰਦਾ ਹੈ ਅਤੇ ਉਹ ਵਾਸਤਵਿਕ ਜਾਣਕਾਰੀ ਉਪਲਬਧ ਕਰਨ ਵਿਚ ਸਹਾਈ ਹੁੰਦਾ ਹੈ।

(5) ਪ੍ਰਮਾਣਿਕ ਜਾਣਕਾਰੀ ਦੀ ਪ੍ਰਾਪਤੀ :-

ਹੋਰਨਾ ਤਕਨੀਕਾਂ ਦੀ ਤੁਲਨਾ ਵਿਚ ਅਨੁਸੂਚੀ ਤਕਨੀਕ ਜ਼ਿਆਦਾ ਭਰੋਸੇਯੋਗ ਅਤੇ ਪ੍ਰਮਾਣਿਕ ਸਮੱਗਰੀ ਇਕੱਤਰ ਕੀਤੀ ਜਾ ਸਕਦੀ ਹੈ. ਕਿਉਂਕਿ ਇਸ ਵਿਚ ਇਕ ਹੀ ਉੱਤਰ ਦੀ ਖੋਜ ਪੜਤਾਲ ਵਾਰ-ਵਾਰ ਅਤੇ ਕਈ ਵਿਅਕਤੀਆਂ ਦੁਆਰਾ ਕੀਤੀ ਜਾਣੀ ਸੰਭਵ ਹੁੰਦੀ ਹੈ।

(6) ਵਿਸਤ੍ਰਿਤ ਸਮੱਗਰੀ :-

ਅਨੁਸੂਚੀ ਰਾਹੀਂ ਸਮੱਗਰੀ ਇਕੱਤਰ ਕਰਨ ਦਾ ਇਕ ਲਾਭ ਇਹ ਹੈ ਕਿ ਖੋਜ ਕਰਤਾ ਨੂੰ ਆਪਣੀ ਯਾਦ ਸ਼ਕਤੀ ਜਾਂ ਕਲਪਨਾ ਉੱਤੇ ਨਿਰਭਰ ਨਹੀਂ ਰਹਿਣਾ ਪੈਂਦਾ ਕਿਉਂਕਿ ਖੋਜ ਕਰਤਾ ਜਿਹੜੀ ਵੀ ਜਾਣਕਾਰੀ ਪ੍ਰਾਪਤ ਕਰਦਾ ਹੈ ਉਸਨੂੰ ਉਸ ਸਮੇਂ ਅਨੁਸੂਚੀ ਵਿਚ ਦਰਜ ਕਰ ਲੈਂਦਾ ਹੈ।

7. ਅਨੁਸੂਚੀ ਵਿਚ ਨੁਕਸ ਦੂਰ ਕਰਨਾ :-

ਹਰ ਤਰ੍ਹਾਂ ਦੀ ਸਾਵਧਾਨੀ ਵਰਤਣ ਤੇ ਵੀ ਜੇਕਰ ਅਨੁਸੂਚੀ ਵਿਚ ਕੁਝ ਨਾ ਕੁਝ ਨੁਕਸ ਰਹਿ ਜਾਂਦੇ ਹਨ, ਇਹਨਾਂ ਨੁਕਸਾਂ ਦਾ ਅਨੁਸੂਚੀ ਵਿਚ ਛੇਤੀ ਅਸਾਨੀ ਨਾਲ ਪਤਾ ਲੱਗ ਜਾਂਦਾ ਹੈ ਕਿਉਂਕਿ ਖੋਜ ਕਰਤਾ ਖੁਦ ਅਨੁਸੂਚੀ ਵਿਚੋਂ ਪ੍ਰਸ਼ਨ ਪੁੱਛਦਾ ਹੈ ਤੇ ਖੁਦ ਉਸ ਨੂੰ ਭਰਦਾ ਹੈ, ਉਸਨੂੰ ਪਤਾ ਲੱਗ ਜਾਂਦਾ ਹੈ ਕਿ ਕਿਹੜੇ ਸ਼ਬਦ ਕਠਿਨ ਹਨ ਉਸਨੂੰ ਪਤਾ ਲੱਗ ਜਾਂਦਾ ਹੈ ਕਿ ਕਿਹੜਾ ਪ੍ਰਸ਼ਨ ਦੂਸਰੇ ਪ੍ਰਸ਼ਨ ਦੀ ਥਾਂ ਰੱਖਣਾ ਠੀਕ ਨਹੀਂ ਜਾਂ ਕਿਹੜਾ ਪ੍ਰਸ਼ਨ ਜ਼ਿਆਦਾ ਲੰਬਾ ਹੈ ਜਾਂ ਕਿਹੜਾ ਪ੍ਰਸ਼ਨ ਇਸ ਵਿਚ ਹੋਰ ਜੋੜਨਾ ਚਾਹੀਦਾ ਹੈ ਤਾਂ ਕਿ ਵਾਸਤਵਿਕ ਅਤੇ ਪੂਰਨ ਜਾਣਕਾਰੀ ਪ੍ਰਾਪਤ ਹੋ ਸਕੇ।

(4) ਅਨੁਸੂਚੀ ਤਕਨੀਕ ਵਿਚ ਮਾਨਵੀ ਤੱਤ :-

ਅਨੁਸੂਚੀ ਤਕਨੀਕ ਵਿੱਚ ਮਨੁੱਖੀ ਤੱਤ ਦੀ ਮੌਜੂਦਗੀ ਸਮੱਗਰੀ ਇਕੱਤਰ ਕਰਨ ਦੇ ਕੰਮ ਨੂੰ ਵਧੇਰੇ ਵਿਸ਼ਵਾਸਯੋਗ ਬਣਾ ਦਿੰਦੀ ਹੈ। ਖੋਜ ਕਰਤਾ ਇੰਟਰਵਿਊ ਕਰਨ ਸਮੇਂ ਉੱਤਰਦਾਤਾ ਕੋਲੋਂ ਵਾਸਤਵਿਕ ਜਾਣਕਾਰੀ ਪ੍ਰਾਪਤ ਕਰਨ ਲਈ ਸ਼ੰਕਾਵਾਂ ਸਬੰਧੀ ਉਤਪੰਨ ਕਰਨ ਦਾ ਯਤਨ ਕਰਦਾ ਹੋਇਆ ਉੱਤਰਦਾਤਾ ਨਾਲ ਗੱਲ ਬਾਤ ਵੀ ਕਰਦਾ ਹੈ, ਉਸ ਨਾਲ ਦੁੱਖ ਸੁੱਖ ਸਾਂਝਾ ਕਰਦਾ ਹੈ ਉੱਤਰਦਾਤਾ ਨੂੰ ਅਤੇ ਕਈ ਵਾਰ ਤਾਂ ਪਰਿਵਾਰ ਵਿਚ ਦੀ ਜ਼ਿੰਦਗੀ ਵਿਚ ਉਤਸੁਕਤਾ ਸਹਿਤ ਦਾ ਵਰਣਨ ਸੁਣਾਇਆ ਹੈ। ਇਸ ਤਰ੍ਹਾਂ ਇਸ ਵਿਧੀ ਵਿਚ ਇਸ ਮਾਨਵੀ ਤੱਤ ਦੀ ਮੌਜੂਦਗੀ ਵਾਸਤਵਿਕ ਖੋਜ ਨੂੰ ਇਕ ਮਾਨਵੀ ਖੋਜ ਬਣਾਉਣ ਵਿਚ ਸਹਾਈ ਹੁੰਦੀ ਹੈ।

5. ਅਨੁਸੂਚੀ ਸਾਰਣੀ ਨੂੰ ਆਪਣੀ ਲੋੜ ਤੋਂ ਬਣਾਉਂਦੀ ਹੈ :-

ਅਨੁਸੂਚੀ ਖੋਜ ਕਰਤਾ ਨੂੰ ਖਾਸ ਦਿਸ਼ਾਇਕ ਪਾਸੇ ਕੇਂਦਰਿਤ ਕਰਦੀ ਹੈ, ਜਿਸ ਆਧਾਰ ਸਮੱਗਰੀ ਨੂੰ ਛਾਂਟ ਕੇ ਇੱਥੇ ਅਤੇ ਜਿਸ ਵਿਸ਼ੇ ਦੇ ਗੈਰ- ਜਰੂਰੀ ਤੇ ਅਸੰਬੰਧਿਤ ਤੱਥਾਂ ਨੂੰ ਵੀ ਅਧਿਐਨ ਵਿਚ ਸ਼ਾਮਿਲ ਨਹੀਂ ਹੋਣ ਦਿੰਦੀ। ਅਨੁਸੂਚੀ ਵਿਚ ਪ੍ਰਸ਼ਨਾਂ ਨੂੰ ਸ਼ਾਮਲ ਕਰਨ ਤੇ ਪਹਿਲਾਂ ਹੀ ਇਸ ਗੱਲ ਦਾ ਚੰਗੀ ਤਰ੍ਹਾਂ ਧਿਆਨ ਰੱਖਿਆ ਜਾਂਦਾ ਹੈ ਕਿ ਹਰੇਕ ਪ੍ਰਸ਼ਨ ਨਿਸ਼ਚਤ ਰੂਪ ਵਿਚ ਅਧਿਐਨ ਦੇ ਉਦੇਸ਼ ਦੇ ਅਨੁਕੂਲ ਹੋਵੇ ਤੇ ਅਜਿਹਾ ਕੋਈ ਪ੍ਰਸ਼ਨ ਸ਼ਾਮਿਲ ਨਹੀਂ ਕੀਤਾ ਜਾਂਦਾ ਜਿਸ ਨਾਲ ਵਿਅਰਥ ਦੀ ਸਮੱਗਰੀ ਇਕੱਤਰ ਨਾ ਹੋਵੇ।

# LIMITATIONS OF THE SCHEDULE

1. **ਵਿਸਤ੍ਰਿਤ ਖੇਤਰ ਲਈ ਅਢੁਕਵੀਂ :** ਇਹ ਵਿਧੀ ਵਿਸਤ੍ਰਿਤ ਖੇਤਰ ਵਿੱਚ ਜਾਣਕਾਰੀ ਇਕੱਤਰ ਕਰਨ ਲਈ ਢੁਕਵੀਂ ਨਹੀਂ ਹੈ, ਕਿਉਂਕਿ ਇਸ ਵਿਧੀ ਵਿੱਚ ਖੋਜ ਕਰਤਾ ਨੂੰ ਖੁਦ ਖੋਜ ਖੇਤਰ ਵਿੱਚ ਜਾ ਕੇ ਉੱਤਰਦਾਤਾ ਨਾਲ ਮੁਲਾਕਾਤ ਕਰਕੇ ਜਾਣਕਾਰੀ ਪ੍ਰਾਪਤ ਕਰਨੀ ਹੁੰਦੀ ਹੈ। ਅਜਿਹਾ ਤਾਂ ਹੀ ਸੰਭਵ ਹੈ ਜੇਕਰ ਉੱਤਰਦਾਤਾ ਸੀਮਤ ਗਿਣਤੀ ਤੇ ਸੀਮਤ ਖੇਤਰ ਵਿੱਚ ਰਹਿੰਦੇ ਹੋਣ।

2. **ਸੰਗਠਨ ਸਥਾਪਿਤ ਕਰਨ ਦੀ ਸਮੱਸਿਆ :** ਜੇਕਰ ਇਸ ਵਿਧੀ ਦੀ ਵਰਤੋਂ ਵਿਸਤ੍ਰਿਤ ਖੇਤਰ ਵਿੱਚ ਜਿੱਥੇ ਉੱਤਰਦਾਤਾ ਦੂਰ-ਦੂਰ ਰਹਿੰਦੇ ਹਨ, ਕਰਨੀ ਹੈ ਤਾਂ ਅਨੁਸੂਚੀਆਂ ਭਰਨ ਲਈ ਕਈ ਖੋਜ ਕਰਤਾਵਾਂ ਨੂੰ ਨਿਯੁਕਤ ਕਰਨ ਦੀ ਲੋੜ ਪੈਂਦੀ ਹੈ। ਅਜਿਹੀ ਸਥਿਤੀ ਵਿੱਚ ਪ੍ਰਬੰਧਕੀ ਸਮੱਸਿਆ ਉਤਪੰਨ ਹੋ ਜਾਂਦੀ ਹੈ, ਕਿਉਂਕਿ ਖੋਜ ਕਰਤਾ ਦੀ ਸਿਖਲਾਈ, ਉਹਨਾਂ ਦੇ ਕੰਮਾਂ ਦੀ ਨਿਗਰਾਨੀ ਅਤੇ ਉਹਨਾਂ ਦੁਆਰਾ ਭਰੀਆਂ ਅਨੁਸੂਚੀਆਂ ਦੀ ਜਾਂਚ ਕਰਨ ਦੀ ਲੋੜ ਹੁੰਦੀ ਹੈ, ਇਸ ਤੋਂ ਇਲਾਵਾ, ਇਹ ਵਿਧੀ ਖਰਚੀਲੀ ਪੈਂਦੀ ਹੈ ਕਿਉਂਕਿ ਇੰਟਰਵਿਊ ਦੀ ਵਿਵਸਥਾ ਕਰਨੀ, ਜਾਣਕਾਰੀ ਇਕੱਤਰ ਕਰਨੀ, ਖੋਜ ਕਰਤਾਵਾਂ ਨੂੰ ਰੱਖਣਾ, ਉਹਨਾਂ ਨੂੰ ਸਿਖਲਾਈ ਦੇਣੀ, ਉਹਨਾਂ ਦੇ ਕੰਮ ਦੀ ਨਿਗਰਾਨੀ ਕਰਨੀ ਅਤੇ ਤਨਖਾਹਾਂ ਦੇਣੀਆਂ ਆਦਿ ਲਈ ਕਾਫੀ ਧਨ ਦੀ ਲੋੜ ਹੁੰਦੀ ਹੈ, ਜੋ ਕਿ ਇਕੱਲਾ ਖੋਜ-ਵਿਦਿਆਰਥੀ ਨਹੀਂ ਕਰ ਸਕਦਾ।

3. **ਪੱਖਪਾਤ ਦੀ ਸਮੱਸਿਆ :** ਖੋਜ ਕਰਤਾ ਦੀ ਸਰੀਰਕ ਮੌਜੂਦਗੀ ਜਿੱਥੇ ਇੰਟਰਵਿਊ ਸਮੇਂ ਉੱਤਰਦਾਤਾ ਨੂੰ ਸਹੀ ਉੱਤਰ ਦੇਣ ਲਈ ਉਤਸ਼ਾਹਿਤ ਕਰਦੀ ਹੈ ਉੱਥੇ ਇੰਟਰਵਿਊ ਵਿੱਚ

Scanned with CamScanner

ਪੱਖਪਾਤ ਦਾ ਸ਼ੋਸ਼ਣ ਵੀ ਸ਼ਾਮਲ ਹੁੰਦੀ ਹੈ। ਕਈ ਵਾਰ ਉਤਰ-ਦਾਤਾ ਖੋਜ ਕਰਤਾ ਦੇ ਵਿਸ਼ਵਾਸ਼ਾਂ ਅਤੇ ਵਿਚਾਰਾਂ ਤੋਂ ਬਿਨਾ ਪ੍ਰਭਾਵਿਤ ਹੋ ਜਾਂਦਾ ਹੈ ਕਿ ਉਹ ਉਸ ਤੋਂ ਪੁੱਛੇ ਗਏ ਪ੍ਰਸ਼ਨ ਦੇ ਉੱਤਰ ਉਹ ਨਹੀਂ ਦਿੰਦਾ ਜਿਸ ਨੂੰ ਉਹ ਵਾਸਤਵ ਵਿਚ ਸਹੀ ਸਮਝਦਾ ਹੁੰਦਾ ਹੈ, ਬਲਕਿ ਉਹ ਉੱਤਰ ਦੇਣ ਦਾ ਯਤਨ ਕਰਦਾ ਹੈ, ਜਿਸਨੂੰ ਖੋਜ ਕਰਤਾ ਠੀਕ ਸਮਝਦਾ ਹੈ। ਕਈ ਤਾਂ ਖੋਜ ਕਰਤਾ ਖੁਦ ਹੀ ਉੱਤਰ ਦੇਣ ਵਿਚ ਉੱਤਰਦਾਤਾ ਦੀ ਸਹਾਇਤਾ ਕਰਦਾ ਜਾਂਦਾ ਹੈ. ਇਸ ਸਥਿਤੀ ਵਿਚ ਉੱਤਰ ਦਾਤਾ ਸਹੀ ਗਏ ਦੇਣ ਦੀ ਸਥਾਨ ਜੋ ਤਰਕ ਖੋਜ ਕਰਤਾ ਚਾਹੁੰਦਾ ਹੈ, ਉਸਨੂੰ ਹੀ ਸਮਾਜਿਕ ਪ੍ਰਗਟ ਕਰਦਾ ਜਾਂਦਾ ਹੈ।

4. ਉੱਤਰਦਾਤਾ ਉਤੇ ਨਿਰਭਰਤਾ :-

ਅਨੁਸੂਚੀ ਤਕਨੀਕ ਦੀ ਵਰਤੋਂ ਕਰਦਿਆਂ ਖੋਜ ਕਰਤਾ ਨੂੰ ਪੂਰਨ ਰੂਪ ਵਿਚ ਉੱਤਰਦਾਤਾ ਉਤੇ ਨਿਰਭਰ ਹੋਣਾ ਪੈਂਦਾ ਹੈ। ਇਸ ਦੇ ਸੰਬੰਧ ਵਿਚ ਦੋ ਗੱਲਾਂ ਹਨ:- ਪਹਿਲਾ ਤਾਂ ਉੱਤਰਦਾਤਾ ਨਾਲ ਸੰਪਰਕ ਸਥਾਪਿਤ ਕਰਨਾ ਮੁਸ਼ਕਿਲ ਹੁੰਦਾ ਹੈ ਅਤੇ ਜੇਕਰ ਖੋਜ ਕਰਤਾ ਦੇ ਪ੍ਰਤੀ ਉੱਤਰਦਾਤਾ ਦੇ ਮਨ ਵਿਚ ਕੋਈ ਸ਼ੰਕਾ ਜਾਂ ਸ਼ੱਕ ਉਤਪੰਨ ਹੋ ਜਾਏ ਤਾਂ ਉਸ ਕੋਲੋਂ ਜਾਣਕਾਰੀ ਪ੍ਰਾਪਤ ਕਰਨੀ ਅਸੰਭਵ ਹੀ ਹੋ ਜਾਂਦੀ ਹੈ। ਦੂਸਰਾ ਇਹ ਕਿ ਜੇਕਰ ਉੱਤਰਦਾਤਾ ਇੱਛਾਪੂਰਵਕ ਜਾਣਕਾਰੀ ਦੇਣ ਲਈ ਰਜ਼ਾਮੰਦ ਹੋ ਜਾਏ ਤਾਂ ਉਸਦੇ ਰੁਝੇਵੇਂ ਇੰਨੇ ਜ਼ਿਆਦਾ ਹੁੰਦੇ ਹਨ ਕਿ ਉਹ ਅਨੁਸੂਚੀ ਭਰਨ ਲਈ ਖੋਜ ਕਰਤਾ ਨੂੰ ਆਵਸ਼ਕ ਸਮਾਂ ਨਹੀਂ ਦੇ ਸਕਦਾ ਅਤੇ ਜੇ ਦਿੰਦਾ ਵੀ ਹੈ ਤਾਂ ਵੀ ਉਹ ਖੋਜ ਕਰਤਾ ਨੂੰ ਉਸਦੇ ਪ੍ਰਸ਼ਨਾਂ ਦੇ ਉੱਤਰ ਦੇਣ ਵਿਚ ਕੋਈ ਦਿਲਚਸਪੀ ਨਹੀਂ ਲੈਂਦਾ, ਬਲਕਿ ਉਸਨੂੰ ਟਾਲਣ ਦਾ ਯਤਨ ਕਰਦਾ ਹੈ। ਇਹ ਸਮੱਸਿਆਵਾਂ ਉਦੋਂ ਹੋਰ ਵੀ ਗੰਭੀਰ ਹੋ ਜਾਂਦੀ ਹੈ ਜਦੋਂ

Scanned with CamScanner

ਉੱਤਰਦਾਤਿਆਂ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਅਨੁਸੂਚੀ ਬਹੁਤ ਲੰਮੀ ਹੈ, ਇਹ ਸਮੱਸਿਆ ਉਦੋਂ ਹੋਰ ਜਟਿਲ ਹੋ ਜਾਂਦੀ ਹੈ ਜਦੋਂ ਖੋਜ ਕਰਤਾ ਨੇ ਉੱਤਰਦਾਤਿਆਂ ਦੀ ਆਮਦਨ, ਸੰਪਤੀ ਆਦਿ ਜਿਹੇ ਹੋਰ ਤਾਕਤਵਰ ਜਾਣਕਾਰੀ ਦਾ ਪਤਾ ਲਗਾਉਣਾ ਹੁੰਦਾ ਹੈ। ਇਸ ਤਰ੍ਹਾਂ ਅਨੁਸੂਚੀ ਵਿਧੀ ਵਿਚ ਖੋਜ ਕਰਤਾ ਨੂੰ ਅਸਲ ਉੱਤਰਦਾਤਾ ਦੀ ਇੱਛਾ ਉੱਤੇ ਨਿਰਭਰ ਰਹਿਣਾ ਪੈਂਦਾ ਹੈ।

5. ਬਹੁਤ ਜ਼ਿਆਦਾ ਸਿਖਲਾਈ ਦੀ ਲੋੜ :- ਅਨੁਸੂਚੀ ਵਿਧੀ ਦੀ ਵਰਤੋਂ ਬਹੁਤ ਜ਼ਿਆਦਾ ਸਿੱਖਿਅਤ ਅਤੇ ਅਨੁਭਵੀ ਖੋਜ ਕਰਤਾ ਹੀ ਕਰ ਸਕਦੇ ਹਨ ਕਿਉਂਕਿ ਇੰਟਰਵਿਊ ਦੀ ਸਫਲਤਾ ਖੋਜ ਕਰਤਾ ਦੀ ਸਿਆਣਪ ਤੇ ਯੋਗਤਾ ਉੱਤੇ ਨਿਰਭਰ ਕਰਦੀ ਹੈ। ਅਕਸਰ ਸਿੱਖਿਅਤ ਤੇ ਅਨੁਭਵੀ ਖੋਜ ਕਰਤਾ ਉਪਲਬਧ ਨਹੀਂ ਹੁੰਦੇ ਅਤੇ ਇੰਟਰਵਿਊ ਸਹੀ ਢੰਗ ਨਾਲ ਨਹੀਂ ਹੁੰਦੀ। ਜਿੱਥੇ ਦੂਜੇ ਇੰਟਰਵਿਊ ਕੀਤੀ ਸਮੱਗਰੀ ਦਾ ਬਹੁਤਾ ਹਿੱਸਾ ਅਪ੍ਰਮਾਣਿਕ ਤੇ ਅਵਿਗਿਆਨਿਕ ਹੁੰਦਾ ਹੈ।

6. ਮੌਕੇ ਮੁਤਾਬਕ ਉੱਤਰ ਦੇਣ ਦੇ ਸਮੇਂ ਦੀ ਘਾਟ :- ਅਨੁਸੂਚੀ ਵਿਚ ਖੋਜ ਅਧਿਕਾਰੀ ਇਸ ਨਾਲ ਸੰਬੰਧਿਤ ਪ੍ਰਸ਼ਨ ਪੁੱਛਦੇ ਹੀ ਲਿਖ ਲੈਂਦੇ ਹਨ। ਖੋਜ ਕਰਤਾ ਇਕ ਪ੍ਰਸ਼ਨ ਨੂੰ ਪੜ੍ਹ ਕੇ ਫਟਾ-ਫਟ ਦੂਜਾ ਪ੍ਰਸ਼ਨ ਉੱਤਰਦਾਤਾ ਨੂੰ ਪੁੱਛਣ ਲੱਗ ਪੈਂਦਾ ਹੈ ਅਤੇ ਉੱਤਰਦਾਤਾ ਇਕ ਮਸ਼ੀਨ ਵਾਂਗ ਬਿਨਾ ਸੋਚੇ-ਸਮਝੇ ਉੱਤਰ ਦਿੰਦਾ ਜਾਂਦਾ ਹੈ, ਜਿਸ ਨੂੰ ਖੋਜ ਕਰਤਾ ਅਨੁਸੂਚੀ ਵਿਚ ਉਵੇਂ ਹੀ ਲਿਖ ਲੈਂਦਾ ਹੈ। ਉੱਤਰਦਾਤਾ ਨੂੰ ਪ੍ਰਸ਼ਨ ਦੇ ਉੱਤਰ ਸੋਚਣ ਦਾ ਮੌਕਾ ਨਹੀਂ ਮਿਲਦਾ, ਇਸ ਸਮੇਂ ਜੋ ਗੱਲ ਦਿਮਾਗ ਵਿਚ ਆ ਜਾਂਦੀ ਹੈ ਉਹ ਬੋਲ ਦਿੰਦਾ ਹੈ। ਇਸ ਤਰ੍ਹਾਂ ਇਕੱਠੀ ਮੌਕੇ ਮੁਤਾਬਕ ਦਿੱਤੀ ਗਈ ਜਾਣਕਾਰੀ ਵਿਸ਼ਵਾਸਯੋਗ ਤੇ ਭਰੋਸੇਯੋਗ ਨਹੀਂ ਹੋ ਸਕਦੀ।